# ਵਰਿਆਮ

ਜੁਲਾਈ ੧੯੯੧

## ਇਸ ਮੇਘੈ ਹਥਿ ਕਿਛੁ ਨਾਹਿ ॥

ਕਿਆ ਉਠਿ ਉਠਿ ਦੇਖਹੁ ਬਪੁੜੇਂ ਇਸ ਮੇਘੈ ਹਥਿ ਕਿਛੁ ਨਾਹਿ ॥
ਜਿਨਿ ਏਹੁ ਮੇਘੁ ਪਠਾਇਆ ਤਿਸੁ ਰਾਖਹੁ ਮਨ ਮਾਂਹਿ ॥
ਤਿਸਨੋ ਮੰਨਿ ਵਸਾਇਸੀ ਜਾ ਕਉ ਨਦਰਿ ਕਰੇਇ ॥
ਨਾਨਕ ਨਦਰੀ ਬਾਹਰੀ ਸਭ ਕਰਣ ਪਲਾਹ ਕਰੇਇ ॥

—ਗੁਰ ਅਮਰਦਾਸ ਜੀ

Sri Satguru Jagjit Singh Ji eLibrary NamdhariElibrary@gmail.com

https://archive.org/details/namdhari


# ਅੰਬਰ ਬਿਸਕੁਟ ਪ੍ਰਾ: ਲਿ:

ਹੈਦਰਾਬਾਦ

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

**AMBER BISCUITS Pvt. Ltd.**

SANTOSH NAGAR, X'ROAD, HYDERABAD-500035 INDIA


Sri Satguru Jagjit Singh Ji eLibrary  NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : 5455011

# NAMDHARI MARBLE CO.

PROP. : DAYA SINGH BHUI
ALL KINDS OF MARBLE STONE SUPPLIERS
**WZ-2, Mansarover Garden, Ring Road,**
**NEW DELHI-110015**

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : Office & Resi. 58795

## ਸੱਗੂ ਆਇਰਨ ਇੰਡਸਟਰੀਜ਼

ਪੁਰਾਣੀ ਰੇਲਵੇ ਰੋਡ, ਜਲਧਰ।

Specialists in :
Sugar Mill Spare, Solvent Plant Spares, Textile Mill Spares
& Distillery Spares

## SAGGU IRON INDUSTRIES

Old Railway Road, JALANDHAR CITY.
Partner : S. Puran Singh Saggu

Phone : 3040
Code : 01824

For Fitting Diesel Engines in
Foreign and Indian Cars bodies Contact

## Amarjit Motor Garage

G.T. Road,
Opp. Jalandhar Octroi Post,
PHAGWARA (Pb.)
Specialists in :
Mercedes Benz Car Repairing

Manufacturers of :
WOODEN & PLY PACKING CASES

## PARTAP PACKERS

**B-204, Mansrover Garden**
**NEW DEHLI-110015.**



Sri Satguru Jagjit Singh Ji eLibrary NamdhariElibrary@gmail.com

# ਵਰਿਆਮ

ਜੁਲਾਈ—੧੯੯੧ ਜਿਲਦ—੧੬ ਅੰਕ—੯

ਤਤਕਰਾ


ਕੀ ਨਾਨੂੰ ਸਿੰਘ ਸੀ.ਆਈ.ਡੀ. ਦਾ ਬੰਦਾ ਸੀ —ਜਗਦੀਸ਼ ਸਿੰਘ ੪

ਤੇਜ਼ ਰਫਤਾਰੀ—ਲਖਵਿੰਦਰ ਜੌਹਲ ੫

ਡਾ: ਰੌਸ਼ਨ ਲਾਲ ਆਹੂਜਾ—ਸਵਿਤੋਜ ੭

ਨਾਮਧਾਰੀਆਂ ਦੇ ਕਸ਼ਮੀਰ ਨਾਲ ਸੰਬੰਧ —ਨਾਹਰ ਸਿੰਘ ੧੦

ਸਤਿਗੁਰੂ ਪ੍ਰਤਾਪ ਸਿੰਘ : ਕੁਝ ਯਾਦਾਂ—ਜੋਗਾ ਸਿੰਘ ੧੨

ਭਰਪੂਰ ਹਾਂ ਮੈਂ (ਕਵਿਤਾ)—ਅਜਾਇਬ ਸਿੰਘ ੧੩

ਦੋ ਗਜ਼ਲਾਂ—ਡੀ.ਆਰ. ਧਵਨ ੧੩

ਕੋਸ਼ ਸ਼ਬਦ ੧੫

ਸਾਹਿਤਕਾਰ-ਕਾਰਸਹਿਤ—ਜਗਦੀਸ਼ ਸਿੰਘ ੧੬

ਬੀਤੇ ਦੀਆਂ ਪੈੜਾਂ ਦੀਆਂ ਨਵੀਆਂ ਪੈੜਾਂ —ਪਿਆਰਾ ਸਿੰਘ ਭੋਗਲ ੧੯

ਪੁਸਤਕ ਚਰਚਾ —ਜਤਿੰਦਰਪਾਲ ਸਿੰਘ ਜੌਲੀ ੨੧

ਖ਼ਬਰਨਾਮਾ ੨੨


ਵਰਿਆਮ ਦੇ ਦਰ

| | |
|---|---|
| ਇਕ ਪ੍ਰਤੀ | ੪.੦੦ ਰੁਪਏ |
| ਸਾਲਾਨਾ ਚੰਦਾ | ੪੦.੦੦ ,, |
| ਤਿੰਨ ਸਾਲ ਵਾਸਤੇ | ੧੦੦.੦੦ ,, |
| ਚਾਰ ਸਾਲ ਵਾਸਤੇ | ੧੨੦.੦੦ ,, |
| ਪੰਜ ਸਾਲ ਵਾਸਤੇ | ੧੫੦.੦੦ ,, |
| ਉਮਰ ਭਰ ਵਾਸਤੇ | ੩੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੩੦੦.੦੦ |


ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
(ਨੇੜੇ ਮਦਨ ਫਲੋਰ ਮਿਲ)
ਜਲੰਧਰ ੧੪੪੦੦੧

Office Address
Monthly WARIAM
(Punjabi)
Ladowali Road,
(Near Madan Flour Mill
Jalandhar-144001

ਫ਼ੋਨ : ਦਫਤਰ : ੫੭੪੫੬, ੫੮੨੪੪ ] ਪੀ.ਪੀ.
ਘਰ : ੫੬੨੮੯


ਸੰਪਾਦਕੀ

## ਸੁਦਰਸ਼ਨ ਚੱਕਰ ਦੀ ਉਡੀਕ

ਸਰਕਾਰਾਂ ਆਉਂਦੀਆਂ ਹਨ ਤੇ ਜਾਂਦੀਆਂ ਹਨ। ਪਾਰਟੀਆਂ ਹੱਥ ਸੱਤਾ ਆਉਂਦੀ ਅਤੇ ਖੁਸਦੀ ਰਹੀ ਹੈ। ਬੱਜਟ ਬਣਦੇ ਤੇ ਪਾਸ ਹੁੰਦੇ ਰਹੇ ਹਨ ਪਰ ਕਿਸੇ ਨੇ ਗਰੀਬ ਦੀ ਕੰਡ ਤੋਂ ਮਹਿੰਗਾਈ ਦੇ ਬੋਝ ਦੀ ਛਾਨਣੀ ਵੀ ਨਹੀਂ ਲਾਹੀ। ਅੱਜ ਗਲ ਸੰਖੇਪ, ਕਾਗਜ਼ ਅਤੇ ਅਖਬਾਰੀ ਕਾਗਜ਼ ਬਾਰੇ ਹੀ ਹੈ। ਅਖਬਾਰੀ ਕਾਗਜ਼ ਸਸਤਾ ਕਰਨ, ਛੋਟੇ ਗਰੀਬ ਅਖਬਾਰਾਂ ਦੀ ਮਦਦ ਕਰਨ ਬਾਰੇ ਬਹੁਤ ਐਲਾਨ ਹੋਏ ਹਨ ਪਰ ਹੋਇਆ ਕੀ ਹੈ? ਜਿਹੜਾ ਇਕ ਰਿਮ ਅਸੀਂ ਆਪਣੇ ਪਤਰਕਾਰੀ ਦੇ ਸਫਰ ਦੇ ਸ਼ੁਰੂ ਵਿਚ ਤੀਹ ਰੁਪਏ ਵਿਚ ਲੈਂਦੇ ਸੀ ਅਜ ੨੪੦ ਤਕ ਪੁੱਜ ਗਿਆ ਹੈ। ਇਸ ਨੇ ਇਕ ਦਮ ਲਮੀ ਛਾਲ ਤਾਂ ਹੁਣ ਹੀ ਇਕ ਦੋ ਮਹੀਨਿਆਂ ਵਿਚ ਮਾਰੀ ਹੈ ਲਗ ਭਗ ਸੌ ਰੁਪਿਆ ਪ੍ਰਤੀ ਰਿਮ ਦੀ ਛਾਲ।

ਦਸੋ ਇਹ ਹਜ਼ਾਰਾਂ ਰੁਪਏ ਮਾਸਕ ਦਾ ਬੋਝ ਅਸੀਂ ਕਿਥੋਂ ਪੂਰਾ ਕਰੀਏ, ਪਰਚ ਮਹਿੰਗਾ ਦੇ ਕੇ, ਇਸ਼ਤਿਹਾਰਾਂ ਦੇ ਰੇਟ ਵਧਾ ਕੇ ਜਾਂ ਮੰਗ ਮੰਗ ਕੇ। ਇਸ ਵੇਲੇ ਸਭ ਅਖਬਾਰਾਂ ਇਸ ਬੋਝ ਥਲੇ ਦਰੜੀਆਂ ਗਈਆਂ ਹਨ। ਕਾਗਜ਼, ਸਿਆਹੀ, ਆਵਾਜਾਈ ਅਤੇ ਪੁਸਤਕਾਂ ਰਸਾਲਿਆਂ ਦੀ ਖਰੀਦ ਦੇ ਭਾਰੀ ਬੋਝ ਥੱਲੇ। ਅਖਬਾਰਾਂ ਦੀ ਕੀਮਤ ਏਨੀ ਵਧ ਗਈ ਹੈ ਕਿ ਇਹ ਪੜ੍ਹਨਾ ਹੁਣ ਅਯਾਸ਼ੀ ਹੋ ਗਈ ਹੈ।

ਚਲੋ ਵੱਡੀਆਂ ਵੱਡੀਆਂ ਅਖਬਾਰਾਂ ਤਾਂ ਬਹੁਤ ਮਜ਼ਬੂਤ ਮਾਇਕ ਆਧਾਰ ਵਾਲੀਆਂ ਹਨ। ਉਹ ਰੇਟ ਵੀ ਵਧਾ ਸਕਦੀਆਂ ਹਨ, ਇਸ਼ਤਿਹਾਰਾਂ ਦੇ ਦਰਾਂ ਵਿਚ ਵੀ ਵਾਧਾ ਕਰ ਸਕਦੀਆਂ ਹਨ। ਸਰਕਾਰਾਂ ਉਹਨਾਂ ਤੋਂ ਡਰਦੀਆਂ ਹਰਿ ਹਰਿ ਵੀ ਕਰਦੀਆਂ ਹਨ ਤੇ ਹੋਰ ਇਸ਼ਤਿਹਾਰ ਦੇ ਕੇ ਕਸਰ ਵੀ ਪੂਰੀ ਕਰਦੀਆਂ ਹਨ ਪਰ ਗਰੀਬ ਛੋਟੇ ਅਖਬਾਰ, ਸਪਤਾਹਕ ਤੇ ਮਾਸਕ ਪਤਰ ਕੁਝ ਵੀ ਕਰਨ ਤੋਂ ਅਸਮਰਥ ਹੁੰਦੇ ਹਨ।

ਇਹਨਾਂ ਵਾਸਤੇ ਰੇਟ ਵਧਾਉਣਾ ਵੀ ਮੌਤ ਹੈ। ਇਧਰ ਕੀਮਤ ਵਿਚ ਵਾਧਾ ਉਧਰ ਪਰਚਾ ਬੰਦ। ਇਸ਼ਤਿਹਾਰਾਂ ਦੇ ਦਰ ਕਿਸ ਨੇ ਵਧਾਉਣੇ ਹਨ ਇਹਨਾਂ ਦੇ।

ਦੌੜ ਭੱਜ ਕਰਕੇ ਚਮਾਸੇ ਦੀ ਗਰਮੀ ਵਿਚ ਲੰਮੇ ਅਕਾਊ ਸਫਰਾਂ ਬਾਅਦ ਜੇ ਚਾਰ ਛਿਲੜਾਂ ਦਾ ਪ੍ਰਬੰਧ ਕਰਦੇ ਹਨ ਤਾਂ ਉਹ ਤਲੀ ਛੋਹਣ ਤੋਂ ਪਹਿਲਾ ਹੀ ਕਾਗਜ਼ ਦੇ ਵਿਓਪਾਰੀ ਦੀ ਸੰਦੂਕੜੀ ਵਿਚ ਪਹੁੰਚ ਜਾਂਦਾ ਹੈ। ਸਾਰੀ ਹਾਲਤ ਉਸ ਵਿਅਕਤੀ ਵਾਲੀ ਹੈ ਜਿਸ ਦੇ ਘਰ ਕਾਲੀ ਰਾਤ ਨੂੰ ਚੋਰ ਪੈ ਗਏ ਸਨ। ਅਕਬਰ ਅਲਾਹਬਾਦੀ ਦੇ ਸ਼ੇਅਰ



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਅਨੁਸਾਰ ।

ਥੀ ਸ਼ੱਬੇ ਤਾਰੀਕ ਚੋਰ ਆਏ ਜੋ ਕੁਛ ਥਾ ਲੇ ਗਏ
ਕਰ ਹੀ ਕਿਆ ਸਕਤਾ ਥਾ ਬੰਦਾ ਖਾਂਸ ਲੇਨੇ ਕੇ ਸਿਵਾ ।

ਮਹਿੰਗਾਈ ਦਾ ਜਿਹੜਾ ਤੰਦੂਆ ਇਹਨਾਂ ਪੱਤਰਾਂ ਨੂੰ ਦਲ-ਦਲ ਵਿਚ ਡੋਬ ਕੇ ਮਾਰਨਾ ਚਾਹੁੰਦਾ ਹੈ ਉਸ ਦੀਆਂ ਤਾਰਾਂ ਨੂੰ ਕਿਹੜਾ ਸੁਦਰਸ਼ਨ ਚੱਕਰ ਕਟੇਗਾ ?

— ਜਗਦੀਸ਼ ਸਿੰਘ

# ਕੇਂਦਰੀ ਪੰਜਾਬੀ ਲੇਖਕ ਸਭਾ

ਕੇਂਦਰੀ ਪੰਜਾਬੀ ਲੇਖਕ ਸਭਾ ਰਜਿ: ਦੀ ਸਾਲ ੧੯੯੧-੧੯੯੩ ਵਾਸਤੇ ਨਵੀਂ ਚੋਣ ਹੋ ਗਈ ਹੈ । ਇਸ ਦੇ ਪਿਛਲੇ ਪ੍ਰਧਾਨ ਪ੍ਰਿੰ: ਸੁਜਾਨ ਸਿੰਘ ਇਸ ਵਾਰ ਚੋਣ ਵਿਚ ਖੜੇ ਨਹੀਂ ਹੋਏ । ਉਹਨਾਂ ਦੀ ਥਾਂ ਲਈ ਹੈ ਡਾਕਟਰ ਹਰਚਰਨ ਸਿੰਘ ਨਾਟਕਕਾਰ ਨੇ ਜੋ ਬਿਲਾ ਮੁਕਾਬਲਾ ਚੁਣੇ ਗਏ ਹਨ । ਸਭਾ ਦੇ ਪਿਛਲੇ ਸੀਨੀਅਰ ਮੀਤ ਪ੍ਰਧਾਨ ਸ. ਹਰਭਜਨ ਸਿੰਘ ਹੁੰਦਲ ਇਸ ਵਾਰ ਵੀ ਪਹਿਲੇ ਅਹੁਦੇ ਤੇ ਬਿਨਾ ਮੁਕਾਬਲਾ ਆ ਗਏ ਹਨ । ਪੰਜਾਬੀ ਭਵਨ ਲੁਧਿਆਣਾ ਵਿਚ ੨੮ ਜੁਲਾਈ ੧੯੯੧ ਨੂੰ ਸਭਾ ਦਾ ਜਨਰਲ ਇਜਲਾਸ ਵੀ ਹੋਇਆ ਅਤੇ ਬਾਕੀ ਅਹੁਦੇਦਾਰਾਂ ਲਈ ਬਾਕਾਇਦਾ ਵੋਟਾਂ ਰਾਹੀਂ ਚੋਣ ਵੀ ਕੀਤੀ ਗਈ । ਵੋਟਾਂ ਦੁਆਰਾ ਚੁਣੇ ਗਏ ਮੀਤ ਪ੍ਰਧਾਨਾਂ ਵਿਚ ਹਨ ਸ੍ਰੀ ਸੰਤੋਖ ਸਿੰਘ ਧੀਰ ਜਿਹਨਾਂ ਨੂੰ ਪੋਲ ਹੋਈਆਂ ਵੋਟਾਂ ਦੀ ਤਿੰਨ ਚੌਥਾਈ ਤੋਂ ਵੀ ਵਧ ਵੋਟਾਂ ਮਿਲੀਆਂ । ਇਹਨਾਂ ਦੇ ਨਾਲ ਚੁਣੇ ਗਏ ਹੋਰ ਤਿੰਨ ਮੀਤ ਪ੍ਰਧਾਨ ਹਨ ਸ੍ਰੀ ਮਿਤਰ ਸੈਨ ਮੀਤ, ਸ੍ਰੀ ਗੁਰਬਚਨ ਸਿੰਘ ਭੁੱਲਰ ਅਤੇ ਸ. ਕੁਲਬੀਰ ਸਿੰਘ ਕਾਂਗ । ਜਨਰਲ ਸਕੱਤਰ ਇਸ ਵਾਰ ਆਏ ਹਨ ਮਾਲੇਰਕੋਟਲੇ ਵਾਲੇ ਡਾ. ਐਸ. ਤਰਸੇਮ ਅਤੇ ਤਿੰਨ ਸਕੱਤਰਾਂ ਵਿਚ ਹਨ ਤਾਰਾ ਸਿੰਘ ਸੰਧੂ, ਗੁਰਮੀਤ ਹੇਅਰ ਅਤੇ ਲਾਭ ਸਿੰਘ ਖੀਵਾ । ਇਹ ਅਹੁਦੇਦਾਰ ਅਗੋਂ ਕਾਰਜਕਾਰਨੀ ਚੁਨਣਗੇ ।

ਚੋਣ ਪ੍ਰਕਿਰਿਆ ਦੇ ਰੀਟਰਨਿੰਗ ਅਫਸਰ ਸਨ ਡਾ. ਪ੍ਰਮਿੰਦਰ ਸਿੰਘ ।

ਜਨਰਲ ਇਜਲਾਸ ਵਿਚ ਹੀ ਡਾ: ਰਘਬੀਰ ਸਿੰਘ ਸਿਰਜਣਾ ਨੂੰ ਡਾ: ਰਵਿੰਦਰ ਰਵੀ ਯਾਦਗਾਰੀ ਪੁਰਸਕਾਰ ਦਿਤਾ ਗਿਆ ਜਿਸ ਵਿਚ ੫੧੦੦ ਰੁਪੈ ਸ਼ਾਲ ਆਦਿਕ ਸ਼ਾਮਲ ਸਨ । ਜਨਰਲ ਇਜਲਾਸ ਵਿਚ ਹੀ ਸਭਾ ਦੀ ਵਾਰਸ਼ਕ ਰਿਪੋਰਟ ਪੇਸ਼ ਕੀਤੀ ਗਈ ।

ਸਭਾ ਦੇ ਸਾਲਾਨਾ ਇਜਲਾਸ ਵਿਚ ਲੇਖਕ ਹੁਮ ਹੁਮਾਕੇ ਪੁੱਜੇ ਸਨ । ਕੁਲ ੫੩੩ ਡੇਲੀਗੇਟਾਂ ਵਿਚੋਂ ੩੪੯ ਨੇ ਤਾਂ ਵੋਟਾਂ ਪਾਈਆਂ ਬਾਕੀ ਜਨਰਲ ਮੈਂਬਰ ਵੀ ਪੁਜੇ ਹੋਏ ਸਨ । ਇਸ ਤਰ੍ਹਾਂ ਵਾਹਵਾ ਰੌਣਕ ਮੇਲਾ ਬਣਿਆ ਹੋਇਆ ਸੀ ।

ਇਸ ਇਜਲਾਸ ਨੂੰ ਵੇਖ ਕੇ ਸਾਡੇ ਕੁਝ ਪਰਭਾਵ ਬਣੇ ਹਨ । ਜੋ ਅਗਲੇ ਅੰਕ ਵਿਚ ਵਿਅਕਤ ਕਰਾਂਗੇ ।

— ਜ. ਸ.

# ਮਹਾਨ ਕਹਾਣੀ ਸਮਾਗਮ ਅਤੇ ਗੋਸ਼ਟੀ

ਪੰਜਾਬੀ ਲੇਖਕ ਸਭਾ ਜਲੰਧਰ ਰਜਿ: ਵਲੋਂ ੭-੮ ਸਤੰਬਰ ੧੯੯੧ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਇਕ ਵਿਸ਼ਾਲ ਕਹਾਣੀ ਦਰਬਾਰ ਅਤੇ ਗੋਸ਼ਟੀ ਦਾ ਆਯੋਜਨ ਕੀਤਾ ਜਾ ਰਿਹਾ ਹੈ । ਇਸ ਸਮਾਗਮ ਵਿਚ ਤਿੰਨਾਂ ਪੀੜ੍ਹੀਆਂ ਦੇ ਪ੍ਰਤੀਨਿਧ ਕਹਾਣੀਕਾਰਾਂ ਦੀਆਂ ਪ੍ਰਤੀਨਿਧ ਕਹਾਣੀਆਂ ਨੂੰ ਪੇਸ਼ ਕੀਤਾ ਜਾਵੇਗਾ । ਸਮੂਹ ਪੰਜਾਬੀ ਕਹਾਣੀ-ਕਾਰਾਂ ਦੀਆਂ ਪ੍ਰਤਿਨਿਧ ਕਹਾਣੀਆਂ ਨੂੰ ਵੀ ਬਹਿਸ ਵਿਚ ਸ਼ਾਮਲ ਕੀਤਾ ਜਾਵੇਗਾ । ਪੰਜਾਬੀ ਕਹਾਣੀ ਦੇ ਇਤਿਹਾਸ ਦੀਆਂ ਮੀਲ ਪੱਥਰ ਸਾਬਤ ਹੋਣ ਵਾਲੀਆਂ ਕਹਾਣੀਆਂ ਨੂੰ ਬਹਿਸ ਸਮੇਤ ਕਿਤਾਬੀ ਰੂਪ ਵਿਚ ਵੀ ਪ੍ਰਕਾਸ਼ਤ ਕੀਤਾ ਜਾਵੇਗਾ ।

ਸਮੂਹ ਪੰਜਾਬੀ ਕਹਾਣੀਕਾਰ ਤੇ ਉਨ੍ਹਾਂ ਦੀਆਂ ਰਚਨਾਵਾਂ ਦੀ ਸੂਚੀ ਤਿਆਰ ਕਰਨ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੀ ਇਕ ਕਹਾਣੀ (ਛੱਪੀ/ਅਣਛੱਪੀ), ਫੋਟੋ ਜੀਵਨ ਤੇ ਰਚਨਾ ਵੇਰਵਾ ਕਹਾਣੀ ਸਮਾਗਮ ਦੇ ਕਨਵੀਨਰ ਪ੍ਰੋ: ਵਰਿਆਮ ਸਿੰਘ ਸੰਧੂ (੧੫੩ ਗੋਲਡਨ ਐਵੇਨਿਊ, ਡਾਕ: ਗੜ੍ਹਾ ਜਲੰਧਰ) ਦੇ ਪਤੇ ਤੇ ਭੇਜ ਦੇਣ । ਇਸ ਸਾਮੱਗਰੀ ਦੇ ਆਧਾਰ ਤੇ ਪੰਜਾਬੀ ਕਹਾਣੀ ਕੋਸ਼ ਤਿਆਰ ਕਰਨ ਦਾ ਵੀ ਵਿਚਾਰ ਹੈ ।

ਕਈ ਸਮਾਗਮਾਂ ਵਿਚ ਹੋਣ ਵਾਲੇ ਇਸ ਮਹਾਨ ਕਹਾਣੀ ਆਯੋਜਨ ਲਈ ਲੇਖਕ ਸਭਾ ਕਮਰ ਬਸਤਾ ਹੈ । ਇਸ ਅਵਸਰ ਤੇ ਸੋਵੀਨਰ ਵੀ ਪ੍ਰਕਾਸ਼ਤ ਹੋਵੇਗਾ ਅਤੇ ਪੰਜਾਬੀ ਸਾਹਿਤ ਸੰਸਾਰ ਦੀਆਂ ਮਹਾਨ ਹਸਤੀਆਂ ਪੁੱਜਣਗੀਆਂ । ਪੰਜਾਬੀ ਸਾਹਿਤ ਸਭਿਆਚਾਰ ਅਤੇ ਬੋਲੀ ਨੂੰ ਪਿਆਰ ਕਰਨ ਵਾਲਿਆਂ ਨੂੰ ਭਰਪੂਰ ਸਹਿਯੋਗ ਦੀ ਅਪੀਲ ਹੈ ।

**ਜਗਦੀਸ਼ ਸਿੰਘ ਵਰਿਆਮ**
**ਪ੍ਰਧਾਨ**

**ਗੁਰਬਖਸ਼ ਸਿੰਘ ਬੰਨੋਆਣਾ**

**ਨਰਿੰਜਨ ਸਿੰਘ ਸਾਥੀ**
**ਜਨਰਲ ਸਕੱਤਰ**

**ਪੰਜਾਬੀ ਲੇਖਕ ਸਭਾ ਜਲੰਧਰ ਰਜਿ:**
**ਮਾਸਕ ਵਰਿਆਮ, ਲਾਡੋਵਾਲੀ ਰੋਡ, ਜਲੰਧਰ**


Sri Satguru Jagjit Singh Ji eLibrary NamdhariElibrary@gmail.com

https://archive.org/details/namdhari



# ਕੀ ਨਾਨੂੰ ਸਿੰਘ ਸੀ. ਆਈ. ਡੀ. ਦਾ ਬੰਦਾ ਸੀ ?

ਨਾਨੂੰ ਸਿੰਘ ਸਤਿਗੁਰੂ ਰਾਮ ਸਿੰਘ ਜੀ ਦਾ ਸੇਵਕ ਗੜਵਈ ਸੀ ਅਤੇ ਉਹਨਾਂ ਦੇ ਨਾਲ ਜਲਾਵਤਨ ਕੀਤਾ ਗਿਆ ਸੀ। ਨਾਨੂੰ ਸਿੰਘ ਜੀ ਬਾਰੇ ਅਕਸਰ ਕਈ ਵਾਰ ਇਹ ਕਿਹਾ ਜਾਂਦਾ ਹੈ ਕਿ ਉਹ ਅੰਗਰੇਜ਼ ਸੀ. ਆਈ. ਡੀ. ਦਾ ਬੰਦਾ ਸੀ ਅਤੇ ਜਦੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਕਲਕਤਿਓਂ ਜਹਾਜ਼ ਤੇ ਬਰਮਾ ਵਲ ਤੋਰਿਆ ਗਿਆ ਤਾਂ ਉਸ ਨੇ ਕਥਿਤ ਤੌਰ ਤੇ ਕਿਹਾ ਕਿ ਬਾਬਾ ਜੀ ਮੇਰੀ ਡਿਊਟੀ ਬਸ ਏਥੋਂ ਤਕ ਹੀ ਸੀ। ਇਹ ਗਲ ਆਪਣੇ ਇਕ ਭਾਸ਼ਨ ਵਿਚ ਗਿਆਨੀ ਜ਼ੈਲ ਸਿੰਘ ਹੋਰਾਂ ਵੀ ਕਹੀ ਸੀ। ਪਿਛਲੇ ਦਿਨੀਂ ਅਕਾਲੀ ਲੀਡਰ ਸ: ਸਿਮਰਨਜੀਤ ਸਿੰਘ ਮਾਨ ਨੇ ਵੀ ਇਹ ਗਲ ਕਹੀ ਹੈ ਜੋ ਅਖਬਾਰਾਂ ਵਿਚ ਪ੍ਰਕਾਸ਼ਤ ਹੋਈ ਹੈ। ਇਹ ਗਲ ਪਤਾ ਨਹੀਂ ਕਿਸ ਪ੍ਰਚਲਤ ਕੀਤੀ ਅਤੇ ਕਿਵੇਂ ਪ੍ਰਚਲਤ ਹੋਈ। ਸਾਡੀ ਨਜ਼ਰ ਵਿਚ ਸੰਤ ਨਾਨੂੰ ਸਿੰਘ ਜੀ ਦਾ ਇਕ ਇਕਰਾਰਨਾਮਾ ਹੈ ਜੋ ਉਹਨਾਂ ਸਰਕਾਰ ਨੂੰ ਲਿਖ ਕੇ ਦਿਤਾ ਸੀ ਇਸ ਵਿਚ ਉਹਨਾ ਅਹਿਦ ਕੀਤਾ ਹੈ ਕਿ ਉਹ ਸਤਿਗੁਰੂ ਰਾਮ ਸਿੰਘ ਜੀ ਦੀ ਸੇਵਾ ਕਰਨਗੇ। ਇਹ ਇਕਰਾਰਨਾਮਾ ਸ: ਨਾਹਰ ਸਿੰਘ ਜੀ ਦੁਆਰਾ ਸੰਪਾਦਤ ਪੁਸਤਕ Rebels against the Britlsh Rule (ਬ੍ਰਿਟਿਸ਼ ਰਾਜ ਵਿਰੁਧ ਬਾਗੀ) ਦੇ ਪੰਨਾ ੪੫੨ ਤੇ ਦਰਜ ਹੈ। ਸਰਕਾਰੀ ਖ਼ੁਫੀਆ ਦਸਤਾਵੇਜ਼ਾਂ ਦੀ ਇਸ ਪੁਸਤਕ ਵਿਚ ਇਹ ਦਸਤਾਵੇਜ਼ ਨੰਬਰ ੨੦੯ ਹੈ। ਇਸ ਇਕਰਾਰਨਾਮੇ ਦੇ ਉਪਰ ਬਰੈਕਟਾਂ ਵਿਚ ਲਿਖਿਆ ਹੈ ਕਿ "ਅਸਲ ਇਕਰਾਰਨਾਮਾ ਉਰਦੂ ਜ਼ਬਾਨ ਅਤੇ ਫਾਰਸੀ ਲਿਪੀ ਵਿਚ ਹੈ। ਇਥੇ ਇਹ ਰੋਮਨ ਲਿਪੀ ਵਿਚ ਪੇਸ਼ ਕੀਤਾ ਜਾ ਰਿਹਾ ਹੈ।"

ਵਰਿਆਮ ਦੇ ਪਾਠਕਾਂ ਦੀ ਸੇਵਾ ਵਿਚ ਇਹ ਇਕਰਾਰਨਾਮਾ ਉਰਦੂ ਜ਼ਬਾਨ ਵਿਚ ਹੀ ਪਰ ਗੁਰਮੁਖੀ ਲਿਪੀ ਵਿਚ ਪੇਸ਼ ਕਰ ਰਹੇ ਹਾਂ। ਲਿਖਣ ਵਾਲੇ ਕਾਤਬ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਉਚੇ ਮਰਾਤਬੇ ਨੂੰ ਅਪਣੇ ਸ਼ਬਦਾਂ ਵਿਚ 'ਰਾਜਾ ਸਾਹਿਬ' ਕਹਿਕੇ ਵਿਅਕਤ ਕੀਤਾ ਹੈ।

## ਨਾਨੂੰ ਸਿੰਘ ਦਾ ਇਕਰਾਰਨਾਮਾ

ਮੈਂ ਨਾਨੂੰ ਸਿੰਘ ਪੰਜਾਬ ਇਲਾਕਾ ਪਟਿਆਲਾ ਗਾਓਂ ਰੁੜਕੀ ਕਾ ਰਹਿਣੇ ਵਾਲਾ ਹਾਲ ਮੁਕਾਮ ਰੰਗੂਨ ਜੇਹਲ ਯਿਹ ਇਕਰਾਰ ਕਰਤਾ ਹੂੰ ਔਰ ਸਨਦਨਾਮਾਹ ਭੀ ਲਿਖ ਦੇਤਾ ਹੂੰ ਕਿਸ ਵਾਸਤੇ ਤੋ ਯਹਿ ਜੇਹਲ ਮੇਂ ਅਪਣੀ ਖ਼ੁਸ਼ੀ ਸੇ ਰਾਜ਼ੀ-ਓ-ਰਜ਼ਾਮੰਦੀ ਕੇ ਸਾਥ ਯਹਾਂ ਰਹੂੰਗਾ ਔਰ ਖਿਦਮਤ ਮੇਂ ਰਾਜਾ ਸਾਹਿਬ ਆਪਣੇ ਗੁਰੂ ਕੇ ਹਮਰਾਹ ਬਿਲਾ ਉਜ਼ਰ ਬਤੌਰ ਕੈਦ ਕੇ ਰਹੂੰਗਾ। ਕਭੀ ਕੋਈ ਬਾਤ ਕਾ ਉਜ਼ਰ ਨਹੀਂ ਕਰੂੰਗਾ ਔਰ ਜਿੱਧਰ ਯਿਹ ਰਾਜਾ ਸਾਹਿਬ ਰਹੇਂਗੇ ਉਧਰ ਮੈਂ ਭੀ ਰਹੂੰਗਾ ਕਭੀ ਕੋਈ ਬਾਤ ਕਾ ਉਜ਼ਰ ਕਰੂੰ ਤੋ ਬਾਤਲ ਹੈ। ਇਸ ਵਾਸਤੇ ਯਿਹ ਸਨਦ ਨਾਮਾ ਲਿਖ ਦੇਤਾ ਹੂੰ। ਲਿਹਾਜ਼ਾ ਸਰਕਾਰ ਕੇ ਕਾਮ ਆਵੇ।

ਮਾਰਚ ੧੮੭੨

| | |
|---|---|
| ਨਾਨੂੰ ਸਿੰਘ ਦੇ<br>ਅੰਗੂਠੇ ਦਾ ਨਿਸ਼ਾਨ | ਨਾਨੂੰ ਸਿੰਘ ਸਿਖ ਨੇ ਮੇਰੀ<br>ਹਾਜ਼ਰੀ ਵਿਚ ਸਹੀ ਪਾਈ |

ਸਹੀ

ਆਫੀਸ਼ੀਏਟਿੰਗ ਸੁਪਰਡੰਟ

ਇਸੇ ਪੁਸਤਕ ਦੇ ਪੰਨਾ ੫੫੦—੫੫੧ ਤੇ ਦਸਤਾਵੇਜ਼ ਨੰਬਰ ੨੪੨ ਦੇ ਰੂਪ ਵਿਚ ਇਕ ਪਤਰ ਛੱਪਿਆ ਹੈ ਜਿਸ ਬਾਰੇ ਲਿਖਿਆ ਹੈ ਕਿ ਇਹ (ਗੁਰੂ) ਰਾਮ ਸਿੰਘ ਜੀ ਅਤੇ ਨਾਨੂੰ ਸਿੰਘ ਵਲੋਂ ਭਾਈ ਗੋਪਾਲ ਸਿੰਘ ਅਤੇ ਬੁਧ ਸਿੰਘ (ਗੁਰੂ ਹਰੀ ਸਿੰਘ)ਵਲ ਲਿਖਿਆ ਹੈ।

ਇਸ ਪਤਰ ਵਿਚ ਹੋਰਨਾਂ ਗਲਾਂ ਤੋਂ ਇਲਾਵਾ ਨਾਨੂੰ ਸਿੰਘ ਜੀ ਦੇ ਪਰਿਵਾਰ ਦੀ ਸੁੱਖ-ਸਾਂਦ ਪੁੱਛੀ ਗਈ ਹੈ। ਨਾਲ ਲਿਖਿਆ ਹੈ ਪਤਰ ਦੇ ਅਪਣੇ ਜੁਆਬ ਦੇ ਨਾਲ ਨਾਨੂੰ ਸਿੰਘ ਦੇ ਚਾਚਾ ਦੇ ਹਥੀਂ ਲਿਖਿਆ ਪਤਰ ਵੀ ਰੁੜਕੀ ਤੋਂ ਭੇਜਿਆ ਜਾਵੇ। ਪਤਰ ਦੇ ਅੰਤ ਉਤੇ ਮੁੜ ਜ਼ੋਰ ਦੇ ਕੇ ਲਿਖਿਆ ਹੈ ਕਿ ਉਤਰ ਅਵੱਸ਼ ਦੇਣਾ ਅਤੇ ਨਾਨੂੰ ਸਿੰਘ ਦੇ ਪਰਿਵਾਰ ਦਾ ਹਾਲ ਲਿਖਣਾ ਭੁਲਣਾ ਨਹੀਂ। ਪਤਰ ਉਤੇ ਤਾਰੀਖ ਹਾੜ ਵਦੀ੧੯੨੯ ਸੰਮਤ ਹੈ ਬਰੈਕਟ ਵਿਚ ੨੪ ਜੂਨ ੧੮੭੨ ਲਿਖਿਆ ਹੈ। ਇਹ ਸ੍ਰੀ ਭੈਣੀ ਸਾਹਿਬ ਤੋਂ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੋਂ ਪੰਜ ਮਹੀਨੇ ਬਾਅਦ ਦਾ ਪੱਤਰ ਹੈ। ਉਂਜ ਇਹ ਪਤਰ ਸਰਕਾਰ ਨੇ ਸ੍ਰੀ ਭੈਣੀ ਸਾਹਿਬ ਅਪਣੇ ਪਤੇ ਤੇ ਨਹੀਂ ਸੀ ਪੁਜਣ ਦਿਤਾ। ਗਵਰਨਰ ਜਨਰਲ ਤੇ ਕੌਂਸਲ ਦਾ ਮਤ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਅਤੇ ਪੰਜਾਬ ਵਿਚ ਕੂਕਿਆਂ ਦਰਮਿਆਨ ਕੋਈ ਵੀ ਸੰਪਰਕ ਨਾ ਬਣੇ। ਸਿਆਸੀ ਗੈਰ ਸਿਆਸੀ ਜਾਂ ਪਰਿਵਾਰਕ ਵੀ। ਪਰ ਇਕ ਗਲ ਤਾਂ ਸਾਬਤ ਹੁੰਦੀ ਹੈ ਕਿ ਨਾਨੂੰ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਨਾਲ ਆਪਣੀ ਖੁਸ਼ੀ ਨਾਲ ਬੰਦ ਰਹੇ। ਉਹਨਾਂ ਉਤੇ ਕੋਈ ਜੁਰਮ ਵੀ ਨਹੀਂ ਸੀ।

+



Sri Satguru Jagjit Singh Ji eLibrary NamdhariElibrary@gmail.com

# ਤੇਜ਼ ਰਫ਼ਤਾਰੀ

—ਲਖਵਿੰਦਰ ਜੌਹਲ

ਜ਼ਿੰਦਗੀ ਦੀ ਤੇਜ਼-ਰਫ਼ਤਾਰੀ ਨਾਲ ਕਦਮ ਮੇਚ ਕੇ ਤੁਰਨਾ ਬਹੁਤ ਮੁਸ਼ਕਲ ਹੋ ਰਿਹਾ ਹੈ। ਪਰ ਇਹ ਕੋਈ ਨਵੀਂ ਗੱਲ ਤਾਂ ਨਹੀਂ ਹੈ। ਇਹ ਤਾਂ ਹਮੇਸ਼ਾਂ ਹੀ ਇਸਤਰ੍ਹਾਂ ਰਿਹਾ ਹੈ, ਜਿੰਨੀ ਤੇਜ਼ੀ ਨਾਲ ਵਿਗਿਆਨ ਦੀਆਂ ਲੱਭਤਾਂ ਆਪਣੇ ਕਦਮ ਭਰ ਰਹੀਆਂ ਹਨ ਅਤੇ ਜਿੰਨੀ ਤੇਜ਼ੀ ਨਾਲ ਜ਼ਿੰਦਗੀ ਦੀ ਬਾਹਰੀ ਉਥਲ-ਪੁਥਲ ਉਲਟ-ਪਲਟ ਹੋ ਰਹੀ ਹੈ, ਮਨੁੱਖੀ-ਮਾਨਸਿਕਤਾ ਦਾ ਵਿਕਾਸ ਓਨੀ ਤੇਜ਼ੀ ਨਾਲ ਕਦੇ ਵੀ ਨਹੀਂ ਹੁੰਦਾ।...ਫੇਰ ਪਰੇਸ਼ਾਨੀ ਕਿਉਂ ਹੈ? ਕੌਣ ਹੈ ਜੋ ਜ਼ਿੰਦਗੀ ਦੀ ਤੇਜ਼ ਰਫ਼ਤਾਰੀ ਨਾਲ ਕਦਮ ਮੇਚ ਕੇ ਤੁਰ ਸਕਿਆ ਹੈ? ਇਸ ਸੁਆਲ ਦਾ ਜੁਆਬ ਕੀ ਹੈ?

ਇਕ ਦਿਨ ਸ਼ਾਮ ਜਦੋਂ ਅਸੀਂ ਇਕ ਨਾਟਕ ਦੀ ਸ਼ੂਟਿੰਗ ਉਪਰੰਤ ਘਰ ਪਰਤਣ ਲੱਗੇ ਤਾਂ ਮੇਰੇ ਇਕ ਦੋਸਤ ਨੇ ਆਪਣਾ ਸਕੂਟਰ ਸਟਾਰਟ ਕਰਦਿਆਂ ਮੈਨੂੰ ਕਿਹਾ ',ਤੂੰ ਚਲ ਮੈਂ ਜ਼ਰਾ ਹੌਲੀ ਹੌਲੀ ਆਵਾਂਗਾ ਕਿਉਂਕਿ ਮੇਰੇ ਸਕੂਟਰ ਦੀ ਬਰੇਕ ਨਹੀਂ ਹੈ" ਮੈਂ ਕਿਹਾ "ਫੇਰ ਤਾਂ ਤੁਹਾਨੂੰ ਸਗੋਂ ਤੇਜ਼ ਤੇਜ਼ ਜਾਣਾ ਚਾਹੀਦਾ ਹੈ..ਮੈਨੂੰ ਤਾਂ ਹਮੇਸ਼ਾ ਸਕੂਟਰ ਦੀ ਬਰੇਕ ਹੀ ਤੰਗ ਕਰਦੀ ਐ ਜਿਹਦੇ ਕਰਕੇ ਮੈਨੂੰ ਰੁਕਣਾ ਪੈ ਜਾਂਦੈ" ਅਸੀਂ ਹੱਸ ਪਏ......ਤੇ ਚਲ ਪਏ। ਇਸ ਐਵੇਂ ਜਿਹੀ ਗੱਲ ਦੇ ਪਿਛੇ ਜ਼ਿੰਦਗੀ ਦਾ ਕਿੰਨਾ ਵੱਡਾ ਰਾਜ਼ ਛੁਪਿਆ ਹੋਇਆ ਹੈ ਕਿ ਸਕੂਟਰ ਦੀ ਤੇਜ਼ ਰਫ਼ਤਾਰੀ ਦਾ ਰਾਜ਼ ਵੀ ਉਸ ਦੀਆਂ ਬਰੇਕਾਂ ਹਨ ਤੇ ਜ਼ਿੰਦਗੀ ਦੀ ਤੇਜ਼ ਰਫ਼ਤਾਰੀ ਦਾ ਰਾਜ਼ ਵੀ ਮਾਨਸਿਕਤਾ ਦਾ ਠਹਿਰਾਉ ਹੈ। ਠਹਿਰਾਉ ਵੀ ਆਪਣੇ ਆਪ ਵਿਚ ਗਤੀਸ਼ੀਲ ਹੁੰਦਾ ਹੈ ਅਤੇ ਗਤੀ-ਸ਼ੀਲਤਾ ਵੀ ਆਪਣੇ ਧੁਰ ਡੂੰਘ ਵਿਚ ਕਿਤੇ ਨਾ ਕਿਤੇ ਟਿਕਾਉ ਅਵਸਥਾ ਵਾਲੀ ਹੁੰਦੀ ਹੈ।

ਰੋਮਨ ਮਿਥਿਹਾਸ ਅਨੁਸਾਰ ਜੇਨਸ ਨਾਂ ਦੇ ਦੇਵਤੇ ਬਾਰੇ ਸਮਝਿਆ ਜਾਂਦਾ ਹੈ ਕਿ ਉਹ ਇਕੋ ਵੇਲੇ ਦੋ ਵਿਰੋਧੀ ਦਿਸ਼ਾਵਾਂ ਵਲ ਵੇਖਦਾ ਸੀ। ਮੌਤ ਦੇ ਬਿੰਦੂ ਤੋਂ ਜ਼ਿੰਦਗੀ ਵਲ ਵੇਖਣਾ ਅਤੇ ਜ਼ਿੰਦਗੀ ਦੀ ਭਰਪੂਰਤਾ ਵਿਚੋਂ ਮੌਤ ਨੂੰ ਨਿਹਾਰਨਾ ਤਾਂ ਭਾਰਤੀ ਦਰਸ਼ਨ ਦੀਆਂ ਵੀ ਮੂਲ ਸਥਾਪਨਾਵਾਂ ਰਹੀਆਂ ਹਨ। ਸਾਡੇ ਮੋਢੀ ਸੂਫ਼ੀ ਸ਼ਾਇਰ ਬਾਬਾ ਫ਼ਰੀਦ ਦਾ ਸਾਰਾ ਚਿੰਤਨ ਵੀ ਤਾਂ ਮੌਤ ਦੇ ਬਿੰਦੂ ਤੋਂ ਜ਼ਿੰਦਗੀ ਨੂੰ ਵੇਖਣ ਦਾ ਹੀ ਚਿੰਤਨ ਹੈ। ਅਸਲ ਵਿਚ ਹਰ ਪ੍ਰਵਾਹ ਵਿਚ ਕਿਤੇ ਨਾ ਕਿਤੇ ਠਹਿਰਾਉ ਹੈ। ਜਿਸਦਾ ਆਭਾਸ ਨਹੀਂ ਹੁੰਦਾ। ਖੌਲਦੇ ਸਮੁੰਦਰ ਵੀ ਆਪਣੀ ਤਹਿ ਵਿਚ ਸ਼ਾਂਤ ਹਨ ਤੇ ਸ਼ਾਂਤ ਝੀਲਾਂ ਵੀ ਆਪਣੇ ਹੇਠਲੇ ਤਲ ਵਿਚ ਪ੍ਰਵਾਹਸ਼ੀਲ ਹਨ।

ਕੁਦਰਤ ਦਾ ਇਹ ਵਿਰੋਧਾਭਾਸ ਹੀ ਜ਼ਿੰਦਗੀ ਦੀ ਭਰਪੂਰਤਾ ਦੀ ਬੁਨਿਆਦ ਹੈ। ਫੇਰ ਜ਼ਿੰਦਗੀ ਦੀ ਤੇਜ਼ ਰਫ਼ਤਾਰੀ ਨਾਲ ਕਦਮ ਮੇਚ ਕੇ ਨਾ ਚਲ ਸਕਣ ਦੀ ਨਿਮੋਸ਼ੀ ਕਿਉਂ ਹੈ? ਸ਼ਾਇਦ ਇਸ ਕਰਕੇ ਕਿ ਕਦੇ ਕਦੇ ਜ਼ਿੰਦਗੀ ਵਿਚ ਕਰਨ ਲਈ ਕੁਝ ਨਹੀਂ ਸੁਝਦਾ। ਕਹਿਣ ਲਈ ਵੀ ਕੁਝ ਨਹੀਂ ਸੁਝਦਾ। ਜਿਵੇਂ ਸਾਰੇ ਕੰਮ ਹੀ ਮੁੱਕ ਗਏ ਹਨ, ਸਾਰੀਆਂ ਗੱਲਾਂ ਵੀ ਖਤਮ ਹੋ ਗਈਆਂ ਹਨ ਅਤੇ ਅੰਤ ਸਾਰੇ ਵਿਸ਼ੇ ਹੀ ਸਮਾਪਤ ਹੋ ਗਏ ਹਨ। ਜਿਨਾਂ ਬਾਰੇ ਲਿਖ ਲਿਖਾ ਕੇ ਹੀ ਸਮਾਂ ਲੰਘਾਇਆ ਜਾ ਸਕੇ। ਇਹੋ ਜਿਹੀ ਹਾਲਤ ਵਿਚ ਮੈਨੂੰ ਆਪਣੇ ਦੋਸਤ ਪਾਸ਼ ਦੀ ਯਾਦ ਆ ਰਹੀ ਹੈ। ਸਤਰਵਿਆਂ ਵਿਚ ਜਦੋਂ ਉਹ ਜੇਲ੍ਹ ਤੋਂ ਬਾਹਰ ਆਇਆ ਤਾਂ ਉਹ ਬਹੁਤ ਪਰੇਸ਼ਾਨ ਸੀ-ਬਹੁਤ ਹੀ ਉਦਾਸ। ਭਾਰਤੀ ਕਮਿਊਨਿਸਟਾਂ ਦੀ ਅਗਵਾਈ ਵਾਲੇ ਇਨਕਲਾਬ ਦਾ ਆਦਰਸ਼ ਉਦੋਂ ਹੀ ਉਹਦੀ ਮਾਨਸਿਕਤਾ ਵਿਚੋਂ ਕਿਧਰੇ ਖਿਸਕ ਚੁਕਿਆ ਸੀ।

ਸਾਹਿਤਕਾਰੀ ਦੀ ਸੁਤੰਤਰ ਹੋਂਦ ਦਾ ਸੰਕਲਪ ਕਦੇ ਉਹਨੇ ਚਿਤਵਿਆ ਵੀ ਨਹੀਂ ਸੀ। ਜੇਲ੍ਹ ਦੀਆਂ ਸਲਾਖਾਂ ਵਿਚੀਂ ਘਰ, ਪਰਿਵਾਰ, ਦੋਸਤਾਂ, ਮਿੱਤਰਾਂ ਅਤੇ ਆਪਣੇ ਪਿੰਡ ਦੀ ਮਿੱਟੀ ਦਾ ਕਿਆਸ ਹੁਣ ਕਿਰ ਗਿਆ ਸੀ। ਹੁਣ ਤਾਂ ਸਭ ਕੁਝ ਆਮ ਵਾਂਗ ਸੀ। ਫੇਰ ਉਹ ਕੀ ਕਰੇ? ਕੀ ਕਹੇ? ਅਤੇ ਕੀ ਲਿਖੇ? ਉਸਨੇ ਕਿਹਾ "ਮੈਨੂੰ ਲਗਦੈ ਜਿਵੇਂ ਸਾਰੇ ਮਸਲੇ ਹੱਲ ਹੋ ਗਏ ਹਨ? ਉਸ ਨਾਲ ਲੰਬੀਆਂ ਲੰਬੀਆਂ ਬਹਿਸਾਂ ਹੋਈਆਂ। ਬਹੁਤ ਕੁਝ ਕੌੜਾ ਕੁਸੈਲਾ ਇਕ ਦੂਸਰੇ ਨੂੰ ਕਿਹਾ ਗਿਆ ਪਰ ਅਖੀਰ ਉਸਨੂੰ ਇਹ ਗੱਲ ਸਵੀਕਾਰ ਕਰਨੀ ਪਈ ਕਿ ਅਜੇ ਬਹੁਤ ਕੁਝ ਲਿਖਣਵਾਲਾ ਹੈ। ਕਹਿਣ ਵਾਲਾ ਹੈ ਅਤੇ ਕਰਨ ਵਾਲਾ ਹੈ। ਪਰ ਇਹ ਸਭ ਕੁਝ ਕੀ ਸੀ? ਹੁਣ ਪਤਾ ਲਗਦਾ ਹੈ ਕਿ ਕੁਝ ਵੀ ਨਹੀਂ ਸੀ। ਇਕ ਭਰਮ ਸੀ, ਜਿਹੜਾ ਅਜੇ ਤੱਕ ਵੀ ਸਾਡੀ ਮਾਨਸਿਕਤਾ ਵਿਚ ਜੰਮਿਆ ਹੋਇਆ ਸੀ ਪਰ ਉਸਦੀ ਮਾਨਸਿਕਤਾ ਵਿਚੋਂ ਚਿਰੋਕਾ ਨਿਕਲ ਚੁੱਕਿਆ ਸੀ। ਦੁਨੀਆਂ ਭਰ ਦੇ ਕਮਿਊਨਿਸਟਾਂ ਬਾਰੇ ਅਤੇ ਕਮਿਊਨਿਸਟਾਂ ਦੇ ਨਾਂ ਉਤੇ ਭਾਰਤ ਵਿਚ ਵਿਚਰ ਰਹੀਆਂ ਪਾਰਟੀਆਂ ਬਾਰੇ ਜਿਹੜੀਆਂ ਗੱਲਾਂ ਉਹ ਓਦੋਂ ਕਰਦਾ ਸੀ ਅੱਜ ਜਦੋਂ ਪਛਮੀ ਯੋਰਪ ਦੀਆਂ ਘਟਨਾਵਾਂ ਸਾਡੇ ਸਿਰ ਚੜ੍ਹ ਬੋਲਦੀਆਂ ਹਨ ਤਾਂ ਉਸਦੀ ਯਾਦ ਬਹੁਤ ਕੋਂਹਦੀ ਹੈ।

ਇਹੋ ਜਿਹੀ ਸਥਿਤੀ ਵਿਚ ਜ਼ਿੰਦਗੀ ਦੀ ਤੇਜ਼ ਰਫ਼ਤਾਰੀ ਵੀ ਠਹਿਰੀ ਹੋਈ ਪ੍ਰਤੀਤ ਹੁੰਦੀ ਹੈ ਅਤੇ ਠਹਿਰੀਆਂ ਹੋਈਆਂ ਪ੍ਰਸਥਿਤੀਆਂ ਵੀ ਬਹੁਤ ਤੇਜ਼ੀ ਨਾਲ ਗਤੀਸ਼ੀਲ ਪ੍ਰਤੀਤ ਹੋ ਰਹੀਆਂ ਹਨ। ਇਹ ਸਭ ਕੁਝ ਬਹੁਤ ਭਿਆਨਕ ਵੀ ਹੈ ਅਤੇ


Sri Satguru Jagjit Singh Ji eLibrary NamdhariElibrary@gmail.com

ਸੁਖਾਵਾਂ ਵੀ ।

ਸੁੱਖ ਦੇ ਨੈਣਾਂ ਅੰਦਰ ਰੜਕਣ
ਕਿਸੇ ਭਿਆਨਕ ਦੁੱਖ ਦੇ ਕੰਕਰ
ਮਨ ਦੀ ਚੁੱਪ 'ਚ ਰੌਲਾ ਤੈਰੇ
ਕਿਧਰੇ ਦੂਰ ਹਵਾਵਾਂ ਓਹਲੇ
ਦੁੱਖ ਸੁੱਖ ਚੁੱਪ ਤੇ ਰੌਲਾ ਚਾਰੇ
ਪਤਾ ਨਹੀਂ ਕੀ ਕਰਨ ਗੁਰਮਤਾਂ
ਹੁਣੇ ਹੁਣੇ ਪੌਣਾਂ ਦੇ ਪੱਤਰ
ਮਨ ਦੇ ਬੂਹੇ ਦਸਤਕ ਦੇ ਕੇ
ਫਿਰ ਪਰਤਣਗੇ ਪਿਛਲੇ ਪੈਰੀਂ......
ਸੁੱਖ ਦੇ ਨੈਣਾਂ ਅੰਦਰ ਰੜਕਣ
ਕਿਸੇ ਭਿਆਕ ਦੁੱਖ ਦੇ ਕੰਕਰ
ਮਨ ਦੀ ਚੱਪ 'ਚ ਰੌਲਾ ਤੈਰੇ......

+














Sri Satguru Jagjit Singh Ji eLibrary NamdhariElibrary@gmail.com

# ਡਾ: ਰੌਸ਼ਨ ਲਾਲ ਆਹੂਜਾ

—ਸਵਿਤੋਜ

ਕਦੀ ਸੋਚਿਆ ਤਾਂ ਹੋਵੇਗਾ । ਬਲਦੇ ਸੂਰਜ ਨੂੰ ਮਨਾਉਣਾ ਜਾਂ ਚਾਂਦੀ ਵਾਂਗ ਚਮਕਦੇ ਚੰਨ ਨੂੰ ਹਸਾਉਣਾ ਜਾਂ ਫੇਰ ਕਿਸੇ ਵੀ ਤਾਰੇ ਨੂੰ ਮੁਸਕਾਂਉਦੇ ਹੋਏ ਤਕਣਾ । ਕਦੀ ਤਾਂ ਸੋਚਿਆ ਹੋਵੇਗਾ ? ਸ਼ਾਇਦ ਸਭ ਏਦਾਂ ਸੋਚਦੇ ਹੀ ਹੋਣ ਜਾਂ ਫੇਰ ਨਹੀਂ ਵੀ । ਚਲੋ ਆਪਣੀ ਧਰਤੀ ਦੀ ਗੱਲ ਕਰੀਏ । ਏਥੇ ਆਪਣੀ ਧਰਤੀ ਉਪਰ ਵੀ ਸੂਰਜ ਨੇ । ਬਹੁਤ ਸਾਰੇ ਚੰਦਰਮਾ ਨੇ ਏਥੇ । ਤੇ ਏਥੇ ਹੀ ਤਾਰੇ ਨੇ ਬਹੁਤ ਸਾਰੇ । ਕੁਝ ਗੁਆਚੇ ਹੋਏ ਤਾਰੇ । ਕੁਝ ਚਮਕਦੇ ਸਿਤਾਰੇ । ਕੀ ਤੁਸੀਂ ਏਨਾਂ ਬਾਰੇ ਜਾਣਦੇ ਹੋ । ਜੇ ਨਹੀਂ ਤਾਂ ਕੋਸ਼ਿਸ਼ ਕਰਨਾ ਹਰ ਮਨੁੱਖ ਦਾ ਧਰਮ ਹੈ । ਸਿਤਾਰੇ ਵੀ ਅਗੋਂ ਬਹੁਤ ਕਿਸਮ ਦੇ ਹਨ ਫਿਲਮੀ ਸਿਤਾਰੇ, ਰਾਜਸੀ ਸਿਤਾਰੇ, ਧਾਰਮਿਕ ਸਿਤਾਰੇ, ਵਿਗਿਆਨੀ ਸਿਤਾਰੇ, ਸਾਹਿਤਕ ਸਿਤਾਰੇ ਆਦਿ । ਪਰ ਅੱਜ ਮੈਂ ਤੁਹਾਨੂੰ ਇਕ ਸਾਹਿਤਕ ਸਿਤਾਰੇ ਨਾਲ ਮਿਲਾ ਰਿਹਾ ਹਾਂ । ਉਸ ਸਿਤਾਰੇ ਦਾ ਨਾਓਂ ਹੈ ਡਾ. ਰੌਸ਼ਨ ਲਾਲ ਆਹੂਜਾ ।

ਮੈਂ ਉਹਨਾਂ ਦਾ ਬਹੁਤ ਸਾਰਾ ਸਾਹਿਤ ਨਹੀਂ ਪੜ੍ਹਿਆ । ਕੁਝ ਪੜ੍ਹਿਆ ਵੀ ਹੈ । ਉਨ੍ਹਾਂ ਦਾ ਨਿਕਟਵਰਤੀ ਰਿਹਾ ਹਾਂ । ਸੰਨ ੧੯੮੧ ਤੋਂ ਉਨ੍ਹਾਂ ਦੇ ਅੰਤਿਮ ਦਿਨਾਂ ਤੱਕ । ਉਨ੍ਹਾਂ ਦੀ ਸਾਹਿਤਕ ਦੇਣ ਬਾਰੇ ਤਾਂ ਵਿਦਵਾਨਾਂ ਨੇ ਬਹੁਤ ਕੁਝ ਲਿਖਿਆ ਹੈ । ਪੰਜਾਬੀ ਲੇਖਕ ਸਭਾ ਜਲੰਧਰ (ਰਜਿ:) ਨੇ ਉਨ੍ਹਾਂ ਦਾ ਸਨਮਾਨ ਸਮਾਰੋਹ ਆਯੋਜਿਤ ਕੀਤਾ ਤਾਂ ਇਕ ਸੋਵੀਨਰ ਛਾਪਿਆ ਸੀ । ਜਿਸ ਵਿਚ ਉਨ੍ਹਾਂ ਦੇ ਵਿਅਕਤਿਤੱਵ ਦੇ ਨਾਲ ਨਾਲ ਉਨ੍ਹਾਂ ਦੀ ਸਾਹਿਤਕ ਦੇਣ ਬਾਰੇ ਭਰਭੂਰ ਚਰਚਾ ਕੀਤੀ ਗਈ । 'ਵਰਿਆਮ' ਦੇ ਸੰਪਾਦਕ ਸ. ਜਗਦੀਸ਼ ਸਿੰਘ ਜੀ ਮੇਰੇ ਬੜੇ ਸਨੇਹੀ ਨੇ । ਉਨ੍ਹਾਂ ਮੈਨੂੰ ਉਦੋਂ ਵੀ ਵਾਰ ਵਾਰ ਆਖਿਆ ਕਿ ਮੈਂ ਡਾ. ਸਾਹਿਬ ਬਾਰੇ ਲੇਖ ਲਿਖਾਂ ਪਰ ਇਹ ਮੰਤਵ ਪੂਰਾ ਨਾ ਹੋ ਸਕਿਆ।ਹੁਣ ਵੀ ਉਹ ਅਕਸਰ ਮੈਨੂੰ ਪ੍ਰੇਰਦੇ ਰਹਿੰਦੇ ਨੇ ਕਿ ਮੈਨੂੰ ਡਾ. ਸਾਹਿਬ ਦੇ ਵਿਅਕਤਿਤੱਵ ਬਾਰੇ ਲਿਖਣਾ ਚਾਹੀਦਾ ਹੈ । ਮੈਂ ਹਰ ਵਾਰ ਇਹੋ ਆਖ ਕੇ ਟਾਲ ਦਿੰਦਾ ਰਿਹਾ ਹਾਂ ਕਿ ਡਾ. ਆਹੂਜਾ ਜੀ ਬਾਰੇ ਤੁਸੀਂ ਇੱਕੋ ਸਤਰ ਵਾਰ ਵਾਰ ਦੁਹਰਾ ਸਕਦੇ ਹੋ ਕਿ ਡਾ. ਸਾਹਿਬ ਬੇਹੱਦ ਨਿਮਰ, ਸਹਿਜ, ਸਰਲ, ਸੰਤੋਖੀ, ਧਾਰਮਿਕ, ਉੱਚਕੋਟੀ ਦੇ ਲਿਖਾਰੀ ਤੇ ਆਲੋਚਕ ਸਨ । ਇਸ ਵਾਰ ਵੀ ਜਦ ਜਗਦੀਸ਼ ਸਿੰਘ ਹੁਰੀਂ ਮਿਲੇ ਤਾਂ ਉਨ੍ਹਾਂ ਕਿਹਾ ਐਤਕਾਂ ਹੋ ਜਾਏ 'ਹਾਜ਼ਰ-ਗੈਰ ਹਾਜ਼ਿਰ' ਡਾ. ਰੌਸ਼ਨ ਲਾਲ ਆਹੂਜਾ ਬਾਰੇ । ਦਫਤਰ ਤਾਂ ਮੈਂ ਉਨ੍ਹਾਂ ਨੂੰ ਕੋਈ ਖਾਸ ਹੁੰਗਾਰਾ ਨਾ ਭਰਿਆ । ਪਰ ਘਰ ਆਕੇ ਮੁੜ ਮੁੜ ਸੋਚਿਆ ਕੀ ਸੱਚ ਮੁੱਚ ਸਾਡੀਆਂ ਅਜਿਹੀਆਂ ਕੋਈ ਸਾਹਿਤਕ-ਸਾਂਝਾਂ ਨਹੀਂ ਜੋ ਸਰੋਤਿਆਂ, ਪਾਠਕਾਂ ਨਾਲ ਸਾਂਝੀਆਂ ਕੀਤੀਆਂ ਜਾਣ । ਤਾਂ ਲਗਾ ਮੈਨੂੰ ਜਗਦੀਸ਼ ਸਿੰਘ ਹੁਰਾਂ ਦੇ ਕੱਥ ਦਾ ਹੁੰਗਾਰਾ ਬਹੁਤ ਪਹਿਲਾਂ ਭਰਨਾ ਚਾਹੀਦਾ ਸੀ ।

ਹੁਣ ਜਦ ਮੈਂ ਲਿਖਣ ਲੱਗਾ ਤਾਂ ਸਮਝ ਨਹੀਂ ਆਉਂਦੀ ਅਨੇਕਾਂ ਅਨੇਕ ਯਾਦਾਂ ਦਾ ਲੰਮਾ ਸਿਲਸਿਲਾ ਹੈ ਸ਼ੁਰੂ ਕਿੱਥੋਂ ਕਰਾਂ ? ਡਾ. ਅਹੂਜਾ ਨੂੰ ਪਹਿਲੀਵਾਰ ਜਦ ਮੈਂ ਲੰਮੀ ਸੈਰ ਕਰਦਿਆਂ ਤੱਕਿਆ ਤਾਂ ਮੈਨੂੰ ਲਗਾ ਜਿਵੇਂ ਉਹ ਲੰਮੀ ਕਾਲੀ ਬੋਲੀ ਰਾਤ ਦਾ ਮਹਾਂਯਾਤਰੀ ਹੈ ਇਹ ਮੇਰਾ ਵਿਸ਼ਵਾਸ਼ ਅਜੇ ਵੀ ਜਿਉਂ ਦਾ ਤਿਉਂ ਕਾਇਮ ਹੈ ਜਦ ਕਿ ਉਹ ਕਾਲੇ ਕੋਹਾਂ ਦੇ ਸਫ਼ਰ ਤੇ ਤੁਰ ਗਏ ਨੇ । ਲੰਮੀ ਸੈਰ ਤੇ ਸਾਹਿਤਕ ਗਪਸ਼ਪ ਉਨ੍ਹਾਂ ਦੇ ਜੀਵਨ ਦਾ ਅਹਿਮ ਹਿੱਸਾ ਰਿਹਾ । ਉਨ੍ਹਾਂ ਦੀ ਇਸ ਲੰਮੀ ਸੈਰ ਦੌਰਾਨ ਸੈਰ ਦੇ ਸਾਥੀ ਉਨ੍ਹਾਂ ਦੇ ਹਮ ਉਮਰ ਵੀ ਹੋ ਸਕਦੇ ਸਨ ਤੇ ਮੇਰੇ ਜਿਹੇ ਯੁਵਾ ਲੇਖਕ ਵੀ । ਪਰ ਉਨ੍ਹਾਂ ਦਾ ਸੁਭਾਅ ਸਦਾ ਇੱਕੋ ਜਿਹਾ । ਬੇਹੱਦ ਠਰਮੇ ਨਾਲ ਗੱਲ ਕਰਨੀ । ਕਿਸੇ ਵੀ ਸਾਹਿਤਕ ਮਸਲੇ ਦੀ ਤਹਿ ਤਕ ਸਹਿਜੇ ਉਤਰ ਜਾਣਾ । ਸੰਸਾਰ ਸਾਹਿਤ ਦੇ ਲੇਖਕਾਂ, ਆਲੋਚਕਾਂ ਦੀਆਂ ਉਦਾਹਰਨਾਂ ਦੇਣੀਆਂ । ਆਪਣਾ ਚਿੰਤਨ ਸਦਾ ਤਰੋ ਤਾਜ਼ਾ ਰੱਖਣਾ । ਉਨ੍ਹਾਂ ਦੇ ਚਿੰਤਨ ਦੇ ਖਜ਼ਾਨੇ 'ਚ ਝਾਕਦਿਆਂ ਅਕਸਰ ਅਹਿਸਾਸੇ ਕਮਤਰੀ 'ਚ ਡੁੱਬ ਜਾਣਾ ।

ਸੰਸਾਰ ਸਾਹਿਤ ਦਾ ਡੂੰਘਾ ਅਧਿਐਨ ਇਸ ਲਈ ਵੀ ਉਨ੍ਹਾਂ ਲਈ ਜ਼ਰੂਰੀ ਸੀ ਕਿਉਂ ਜੁ ਉਹ ਵਿਦਿਅਕ-ਮਾਹਿਰ ਸਨ । ਉਨ੍ਹਾਂ ਸਾਰੀ ਉਮਰ ਪੜ੍ਹਾਇਆ ਲਿਖਾਇਆ ਪ੍ਰੋਫੈਸਰੀ ਕੀਤੀ । ਵਿਦਿਅਕ ਖੇਤਰ ਸੰਬੰਧੀ ਕਈ ਪੁਸਤਕਾਂ ਲਿਖੀਆਂ । ਅੰਗਰੇਜ਼ੀ-ਸਾਹਿਤ ਦਾ ਅਧਿਐਨ ਅਧਿਆਪਨ ਉਨ੍ਹਾਂ ਦਾ ਖੇਤਰ ਸੀ ਮਨ-ਭਾਉਂਦਾ ।

ਉਨ੍ਹਾਂ ਦੀ ਇਕ ਹੋਰ ਗਲ ਜੋ ਮੇਰੇ ਚੇਤੇ ਤੇ ਚਿੱਤਰੀ ਰਹੇਗੀ ਉਮਰ ਭਰ, ਉਹ ਇਹ ਕਿ ਸਾਹਿਤਕ ਵਾਦ-ਵਿਵਾਦ ਸਮੇਂ ਕਈਵਾਰ ਜਦ ਵਿਵਾਦ ਭੱਖ ਜਾਂਦਾ ਤਾਂ ਉਹ ਬਹੁਤ ਸਹਿਜੇ ਇਕ ਤਾਂ ਆਪਣੇ ਵਿਚਾਰ ਰੱਖਦੇ ਦੂਜੇ ਉਹ ਮੰਦ ਮੰਦ ਮੁਸਕਾਈ ਜਾਂਦੇ ਸਦਾ । ਜਿਵੇਂ ਕੋਈ ਬੱਚਾ ਸ਼ਰਾਰਤ ਕਰਦਾ ਹੋਵੇ । ਇਸੇ ਤਰ੍ਹਾਂ ਦਾ ਵਿਅੰਗ ਤੇ ਹਾਸ ਉਨ੍ਹਾਂ ਦੀਆਂ ਲਿਖਤਾਂ 'ਚ ਅਕਸਰ ਤੁਸੀਂ ਵੇਖ ਸਕਦੇ ਹੋ । ਉਹ ਮੰਦ ਮੰਦ ਮੁਸਕਾਉਂਦਾ, ਲਿਸ਼ਕਦੀਆਂ ਅੱਖਾਂ ਵਾਲਾ ਚਿਹਰਾ ਮੈਨੂੰ ਸਦਾ ਸਦਾ ਯਾਦ ਰਹੇਗਾ ।

ਜਲੰਧਰ ਦਾ ਇਕ ਇਤਿਹਾਸਕ-ਨਾਵਲ-ਨਾਗਰੀ



Sri Satguru Jagjit Singh Ji eLibrary NamdhariElibrary@gmail.com

ਕਰਨ ਵਾਲਾ ਲੇਖਕ ਅਕਸਰ ਆਹੂਜਾ ਸਾਹਿਬ ਦੇ ਘਰ ਦੇ ਚਕੱਰ ਕਟੱਦਾ ਤੇ ਕਹਿੰਦਾ ਡਾ. ਸਾਹਿਬ ਮੇਰੇ ਫਲਾਂ ਨਾਵਲ ਦਾ ਟੀ.ਵੀ. ਲਈ ਨਾਟਕ ਤਿਆਰ ਕਰਵਾ ਦਿਓ ਤੇ ਆਖਰ ਉਹ ਇਕ ਦਿਨ ਸਫ਼ਲ ਹੋ ਗਿਆ । ਫੇਰ ਆਹੂਜਾ ਸਾਹਿਬ ਦੁਆਰਾ ਤਿਆਰ ਕੀਤਾ ਸਕਰਿਪਟ ਲੈ ਕੇ ਮੇਰੇ ਕੋਲ ਆਇਆ ਤੇ ਕਹਿਣ ਲੱਗਾ ਲੈ ਬੱਚੂ ਹੁਣ ਇਸਨੂੰ ਟੀ.ਵੀ. ਤੇ ਪੇਸ਼ ਕਰਨਾ ਤੇਰਾ ਕੰਮ । ਕਈ ਚਿਰ ਉਹ ਸਕਰਿਪਟ ਮੇਰੇ ਕੋਲ ਰਿਹਾ । ਦੋਵੇਂ ਮੇਰੇ ਸਤਿਕਾਰਤ ਤੇ ਬਜ਼ੁਰਗ ਲੇਖਕ ਸਨ ਮੈਂ ਉਨਾਂ ਨੂੰ ਕਿਵੇਂ ਕਹਿੰਦਾ ਕਿ ਤੁਹਾਡੇ ਦੋਹਾਂ ਨੂੰ ਹੀ ਟੀ.ਵੀ. ਸਕਰਿਪਟ ਲਿਖਣਾ ਨਹੀਂ ਆਉਂਦਾ ਮੈਂ ਚੁੱਪ ਰਿਹਾ ਤੇ ਹੌਲੀ ਹੌਲੀ ਬਹੁਤ ਦੇਰ ਬਾਅਦ ਮੇਰੇ ਕੋਲੋਂ ਉਹ ਖਰੜਾ ਅਸਲੀ ਲੇਖਕ ਕੋਲ ਪੁਜ ਗਿਆ ।

ਡਾ. ਆਹੂਜਾ ਜੀ ਦੀ ਸ਼ਖਸੀਅਤ ਦਾ ਇਕ ਹੋਰ ਬੜਾ ਅਹਿਮ ਪਹਿਲੂ ਇਹ ਰਿਹਾ ਕਿ ਜਿਵੇਂ ਉਹ ਸਾਹਿਤਕ ਮਸਲਿਆਂ ਨੂੰ ਬੜੀ ਵਿਦਵਤਾ ਨਾਲ ਨਜਿੱਠਣ ਦੇ ਮਾਹਿਰ ਸਨ ਉਸੇ ਤਰ੍ਹਾਂ ਉਹ ਮਿੱਤਰਾਂ ਦੇ ਆਪਸੀ ਮਤਭੇਦ, ਮਨ ਮੁਟਾਵ ਨੂੰ ਝਟ ਸਮਝ ਲੈਂਦੇ ਸਨ ਤੇ ਛੇਤੀ ਹੀ ਸਮਝੋਤਾ ਵੀ ਕਰਵਾ ਦਿੰਦੇ ਸਨ । ਇਕ ਵਾਰ ਸਾਡਾ ਇਕ ਸਾਂਝਾ ਮਿੱਤਰ ਇਕ ਸੰਕਟ 'ਚ ਘਿਰ ਗਿਆ । ਉਸਦੇ ਕੈਰੀਅਰ ਦਾ ਸਵਾਲ ਸੀ । ਉਹ ਪ੍ਰੋਫੈਸਰ ਤੋਂ ਮੁਖੀ ਬਨਣਾ ਚਾਹੁੰਦਾ ਸੀ ਅਰਥਾਤ ਕਿਸੇ ਵਿਭਾਗ ਦਾ ਚੇਅਰਮੈਨ । ਯੂਨੀਵਰਸਿਟੀ ਦੇ ਇਕ ਅਧਿਕਾਰੀ ਨੇ ਸ਼ਰਤ ਲਗਾ ਦਿਤੀ ਕਿ ਪਹਿਲਾਂ ਆਪਣੇ ਸ਼ਹਿਰ 'ਚ ਮੇਰਾ ਸਨਮਾਨ ਕਰੋ ਫੇਰ ਮੈਂ ਇੰਟਰਵਿਊ ਦੀ ਮਿਤੀ ਨਿਸ਼ਚਿਤ ਕਰਾਂਗਾ ਤੇ ਸਾਡੇ ਉਸ ਮਿਤੱਰ ਨੂੰ ਨਿਯੁਕਤ ਵੀ ਕਰ ਦੇਵੇਗਾ । ਉਹ ਸਾਂਝਾ ਮਿਤੱਰ ਡਾ. ਸਾਹਿਬ ਕੋਲ ਆਇਆ ਤੇ ਕਹਿਣ ਲਗਾ ਕਿਵੇਂ ਕਰੀਏ ? ਡਾ. ਸਾਹਿਬ ਕਹਿਣ ਲਗੇ ਕੋਈ ਗੱਲ ਨਹੀਂ ਵੇਖਦੇ ਹਾਂ ਸਵਿਤੋਜ ਆਪਣਾ ਨੌਜੁਆਨ ਸਾਥੀ ਹੈ, ਪ੍ਰਬੰਧ 'ਚ ਉਸਦੀ ਮਦਦ ਲਈ ਜਾ ਸਕਦੀ ਹੈ । ਮੇਰੇ ਨਾਲ ਗੱਲ ਹੋਈ ਤਾਂ ਮੈਂ ਕਿਹਾ ਕੋਈ ਗੱਲ ਨਹੀਂ ਪਰ ਸਾਡਾ ਇਕ ਹੋਰ ਸਾਂਝਾ ਮਿਤਰ ਸੀ ਜਿਹੜਾ ਕਿ ਸਾਡੇ ਵਲੋਂ ਬਣਾਈ ਗਈ ਸਾਹਿਤਕ ਸੰਸਥਾ 'ਤ੍ਰਿਵੇਣੀ' ਦਾ ਸਭ ਕੁਝ ਸੀ । ਉਸ ਨਾਲ ਗਲ ਕੀਤੀ ਤਾਂ ਉਹ ਵਿਟਰ ਗਿਆ । ਕਹੇ ਨਿੱਜੀ ਲਾਭ ਉਠਾਉਣ ਲਈ ਤਾਂ ਅਸੀਂ ਇਹ ਸੰਸਥਾ ਨਹੀਂ ਬਣਾਈ । ਡਾ. ਸਾਹਿਬ ਉਦਾਸ ਨਹੀਂ ਹੋਏ ਪਰ ਉਹ ਹੋਣ ਵਾਲਾ ਪ੍ਰੋਫੈਸਰ ਮੁਖੀ ਫ਼ਿਕਰਾਂ 'ਚ ਡੁੱਬ ਗਿਆ । ਉਹ ਨਿਰਾਸ਼ਾ ਦੀ ਸਥਿਤੀ 'ਚ ਸ. ਸ. ਮੀਸ਼ਾ ਕੋਲ ਪਹੁੰਚ ਗਿਆ ਤੇ ਸਾਰੀ ਰਾਮ ਕਹਾਣੀ ਦਸੀ । ਮੀਸ਼ਾ ਜੀ ਆਪਣੇ ਵਿਰੋਧੀ ਗਰੁਪ ਦੇ ਬੰਦੇ ਨੂੰ ਆਪਣੇ ਕੈਂਪ 'ਚ ਵੇਖ ਕੇ ਝੂਮ ਉਠੇ । ਤੇ ਸਾਰਾ ਫੰਕਸ਼ਨ ਤੇ ਉਸਦਾ ਪ੍ਰਬੰਧ ਕਰਨਾ ਮੰਨ ਗਏ ।

ਜਦ ਇਸ ਗਲ ਦੀ ਕੰਨਸੋਅ ਮੈਨੂੰ ਮਿਲੀ ਤਾਂ ਮੈਂ ਡਾ. ਆਹੂਜਾ ਨਾਲ ਗਲ ਕੀਤੀ ਕਿ ਇਹ ਬਹੁਤ ਠੀਕ ਨਹੀਂ ਹੋਇਆ । ਉਹ ਬੰਦਾ ਸਾਰੀ ਉਮਰ ਤਾਂ ਸਾਡੇ ਨਾਲ ਰਿਹਾ ਹੁਣ ਜਦ ਉਸਨੇ ਆਪਣੀ ਮਜਬੂਰੀ ਤੇ ਤਰੱਕੀ ਦੀ ਗਲ ਸਾਫ਼ ਸਾਫ਼ ਦਸ ਦਿਤੀ ਹੈ ਤਾਂ ਸਾਨੂੰ ਉਸਦੀ ਮਦਦ ਕਰਨੀ ਚਾਹੀਦੀ ਹੈ । ਡਾ. ਆਹੂਜਾ ਕਹਿਣ ਲਗੇ,ਗੱਲ ਤਾਂ ਤੇਰੀ ਠੀਕ ਹੈ, ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ਚਲੋ ਆਪਾਂ ਇਕ ਕੋਸ਼ਿਸ਼ ਹੋਰ ਕਰਕੇ ਵੇਖਦੇ ਹਾਂ । ਮੈਂ ਤੇ ਡਾ. ਸਾਹਿਬ ਅਸੀਂ ਫੇਰ ਉਸ ਸਾਂਝੇ ਦੋਸਤ ਕੋਲ ਗਏ ਤੇ ਉਸਨੂੰ ਮਨਾ ਲਿਆ । ਫੇਰ ਉਸੇ ਨੇ ਮੋਹਨ ਸਿੰਘ ਵਫਾ ਦਾਰ ਜੀ ਹੁਰਾਂ ਨਾਲ ਗੱਲ ਕੀਤੀ, ਪ੍ਰਬੰਧ ਕੀਤਾ । ਇਸ ਤਰਾਂ ਜ਼ਲੋਟੋ ਬਿਲਡਿੰਗ 'ਚ 'ਸਨਮਾਨ-ਸਮਾਰੋਹ' ਸੰਪੰਨ ਹੋਇਆ ਤੇ ਸਾਡਾ ਉਹ ਸਾਂਝਾ ਦੋਸਤ ਪ੍ਰੋਫੈਸਰ, ਹੈਡ ਤੇ ਚੇਅਰਮੈਨ ਬਣ ਗਿਆ ।

'ਤ੍ਰਿਵੈਣੀ' ਦਾ ਜ਼ਿਕਰ ਆਇਆ ਤਾਂ ਇਸ ਬਾਰੇ ਵੀ ਕੁਝ । ਅਸਲ ਵਿਚ ਇਹ 'ਤ੍ਰਿਵੇਣੀ' ਸੀ ਡਾ. ਸਿੰਗਲ, ਸੁਰੇਸ਼ ਸੇਠ ਤੇ ਸਵਿਤੋਜ ਦੀ । ਇਸ ਵਿਚ ਹਿੰਦੀ, ਪੰਜਾਬੀ, ਉਰਦੂ ਆਦਿ ਸਭ ਭਾਸ਼ਾਵਾਂ ਦੇ ਲੇਖਕ ਸ਼ਾਮਿਲ ਹੁੰਦੇ । ਅਨੇਕ ਸਮਾਗਮ ਹੋਏ । ਡਾ. ਆਹੂਜਾ ਸਾਡੇ ਸਰਪ੍ਰਸਤ ਰਹੇ । ਇਸ ਅਦਾਰੇ ਦੀ ਚਾਹੇ ਸਲਾਨਾ ਰਿਪੋਰਟ ਹੁੰਦੀ ਜਾਂ ਸਮਾਗਮ ਦੀਆਂ ਰਿਪੋਰਟਾਂ ਜਾਂ ਕਿਸੇ ਦਾ ਸਨਮਾਨ ਪੱਤਰ ਆਦਿ, ਬਹੁਤੀ ਕਾਰਵਾਈ ਅਸੀਂ ਆਪ ਹੀ ਕਰਦੇ ਤੇ ਨੀਚੇ ਡਾ. ਸਾਹਿਬ ਦਾ ਨਾਓਂ ਲਿਖ ਦਿੰਦੇ ਪਰ ਉਨਾਂ ਨੂੰ ਗਲ ਦਸ ਵੀ ਦਿੰਦੇ ਕਿ ਅਸੀਂ ਤੁਹਾਡਾ ਨਾਓਂ ਹੇਠਾਂ ਵਰਤਿਆ ਹੈ ਉਨਾਂ ਕਦੀ ਕੋਈ ਉਜਰ ਨਹੀਂ ਸੀ ਕੀਤਾ । 'ਤ੍ਰਿਵੇਣੀ' ਤੋਂ ਇਲਾਵਾ ਇਕ ਹੋਰ ਸਾਹਿਤਕ ਸੰਸਥਾ 'ਕਾਫਲਾ' ਵੀ ਮੈਂ ਸਕੱਤਰ ਵਜੋਂ ਕਾਫ਼ੀ ਦੇਰ ਚਲਾਈ ਗਿਆ । ਡਾ. ਸਾਹਿਬ ਕਾਫ਼ਲਾ ਦੀ ਹੋਣ ਵਾਲੀ ਹਫ਼ਤਾਵਾਰੀ ਬੈਠਕ 'ਚ ਹਰ ਵਾਰ ਹਾਜ਼ਰ ਹੁੰਦੇ ਤੇ ਹਮੇਸ਼ਾ ਪ੍ਰਧਾਨਗੀ ਮੰਡਲ 'ਚ ਸ਼ਾਮਿਲ । ਗੱਲ ਕੀ ਇਸ ਸ਼ਹਿਰ ਦੀ ਹਰੇਕ ਸਾਹਿੱਤਕ ਜੱਥੇਬੰਦੀ ਉਨਾਂ ਦਾ ਪੂਰਾ ਪੂਰਾ ਮਾਣ-ਸਤਿਕਾਰ ਕਰਦੀ ਤੇ ਉਹ ਹਰੇਕ ਸੰਸਥਾ ਦੇ ਫੰਕਸ਼ਨ 'ਚ ਹਾਜ਼ਿਰ ਹੁੰਦੇ । ਡਾਂ. ਸਾਧੂ ਸਿੰਘ ਹਮਦਰਦ ਹੁਰਾਂ ਨਾਲ ਉਨਾਂ ਦੀ ਖ਼ਾਸੀ ਮਿੱਤਰਤਾ ਸੀ ।

ਇਕ ਵਾਰ ਲਿਖਾਰੀ ਸਭਾ ਜਗਤਪੁਰ ਨੇ ਮੇਰੀਆਂ ਦਸ ਕੁ ਕਵਿਤਾਵਾਂ ਸੰਬੰਧੀ ਇਕ ਸਮਾਗਮ ਦਾ ਪ੍ਰਬੰਧ ਕੀਤਾ ਇਕ ਕਿਤਾਬਚਾ ਵੀ ਉਨਾਂ ਛਾਪਿਆ । ਇਹ ਇਕ ਆਲੋਚਨਾਤਮਕ ਪੇਪਰ ਸੀ । ਡਾ. ਜਗਜੀਤ ਸਿੰਘ ਹੁਰਾਂ ਨੇ ਮੇਰੀਆਂ ਕਵਿਤਾਵਾਂ ਤੇ ਅਧਾਰਤ ਲਿਖਿਆ ਸੀ । ਉਸ ਗੋਸ਼ਟੀ ਤੇ ਜਾਣ ਲਈ ਮੈਂ ਡਾ. ਆਹੂਜਾ ਨਾਲ ਗਲ



Sri Satguru Jagjit Singh Ji eLibrary NamdhariElibrary@gmail.com

ਕੀਤੀ ਤਾਂ ਕਹਿਣ ਲਗੇ ਤੇਰੀ ਗੋਸ਼ਟੀ ਹੋਵੇ ਤਾਂ ਮੈਂ ਨਾ ਪਹੁੰਚਾਂ ਇਹ ਤੂੰ ਸੋਚ ਸਕਦੈਂ ? ਪਰ ਇਕ ਸ਼ਰਤ ਹੈ ਕਿ ਤੂੰ ਮੈਨੂੰ ਨਾਲ ਲੈ ਕੇ ਚਲਣਾ ਹੈ। ਮੈਂ ਕਿਹਾ ਠੀਕ ਹੈ। ਐਤਵਾਰ ਦਾ ਦਿਨ ਸੀ। ਹਰ ਐਤਵਾਰ ਡਾ. ਸਾਹਿਬ ਦੇ ਘਰ ਸਤਿਸੰਗ ਹੋਏ ਕਰੇ। ਉਨਾਂ ਨੇ ਆਪਣੀ ਕੋਠੀ ਦਾ ਨਾਂਓ ਵੀ ਰਾਮ ਸ਼ਰਣਮ ਰੱਖਿਆ ਸੀ। ਸ਼ਹਿਰ ਦੀਆਂ ਵੱਡੀ ਉਮਰ ਦੀਆਂ ਔਰਤਾਂ ਹਰ ਐਤਵਾਰ ਡਾ. ਆਹੂਜਾ ਦੇ ਪ੍ਰਵਚਨ ਸੁਨਣ ਲਈ ਇੱਕਠੀਆਂ ਹੁੰਦੀਆਂ ਸਨ। ਮੈਂ ਉਨਾਂ ਦੀ ਕੋਠੀ ਪਹੁੰਚਾ ਉਨਾਂ ਮੈਨੂੰ ਵੇਖ ਲਿਆ ਤੇ ਸਤਿਸੰਗ ਥੋੜ੍ਹਾ ਚਿਰ ਪਹਿਲਾਂ ਉਠਾ ਦਿਤੀ। ਫੇਰ ਚਲ ਪਏ ਮੇਰੇ ਨਾਲ।

ਬਸ ਵਿਚ ਬੈਠ, ਉਹ ਮੈਨੂੰ ਪੁਛਣ ਲਗੇ ਕਿ ਤੂੰ ਦਸ ਮੈਂ ਉਥੇ ਕੀ ਬੋਲਾਂ ਤੇਰੇ ਬਾਰੇ ? ਮੈਂ ਕਿਹਾ ਤੁਸੀਂ ਜੋ ਚਾਹੋ ਬੋਲੋ। ਕਹਿਣ ਲਗੇ ਚੰਗਾ ਪਹਿਲਾਂ ਕੁਝ ਨਜ਼ਮਾਂ ਸੁਣਾ। ਮੈਂ ਦੋ ਚਾਰ ਨਜ਼ਮਾਂ ਬੱਸ ਦੇ ਸ਼ੋਰ 'ਚ ਉਨਾਂ ਨੂੰ ਸੁਣਾ ਦਿਤੀਆਂ। ਸੁਣ ਕੇ ਕਹਿਣ ਲਗੇ ਇਹ ਤਾਂ ਇਕ ਦਮ ਨਵੀ ਤਰਜ਼ ਦੀਆਂ ਨਜ਼ਮਾਂ ਨੇ। ਮੈਂ ਤੇਰੀ ਪ੍ਰਸੰਸਾ ਹੀ ਕਰਾਂਗਾ। ਨਾਲੇ ਵੇਖੋ ਨਾ ਜੀ ਜੇ ਤੁਸੀਂ ਕਿਸੇ ਦੀ ਸ਼ਾਨ 'ਚ ਸ਼ਬਦ ਪ੍ਰਸੰਸਾ ਦੇ ਕਹਿ ਦਿਉ ਤੁਹਾਡਾ ਤੇ ਕੁਝ ਘੱਟਦਾ ਨਹੀਂ ਪਰ ਦੂਸਰਾ ਪ੍ਰਸਨ ਹੋ ਜਾਂਦਾ ਹੈ। ਇਹ ਉਨਾਂ ਦੀ ਸੋਚ ਸੀ। ਕਦੀ ਉਨਾਂ ਨੇ ਕਿਸੇ ਦਾ ਦਿਲ ਨਹੀਂ ਸੀ ਦੁਖਾਇਆ ਸਦਾ ਸਭ ਦਾ ਭਲਾ ਸੋਚਿਆ ਸਗੋਂ ਜੇ ਕਹੀਏ ਕਿ ਸਰਬਤ ਦੇ ਭਲੇ ਦੀ ਹੀ ਸਦਾ ਸੋਚੀ।

ਮਈ ੧੯੯੯ ਜਾਂ ਜੂਨ ਮਹੀਨੇ ਦੀ ਗਲ ਹੈ ਮੈਂ ਪੀ. ਜੀ. ਆਈ. ਤੋਂ ਜਲੰਧਰ ਪਹੁੰਚ ਚੁੱਕਾ ਸੀ। ਡਾ. ਸਾਹਿਬ ਇਕ ਦਿਨ ਅਚਾਨਕ ਸੜਕ ਤੇ ਸੈਰ ਕਰਦਿਆਂ ਮਿਲ ਪਏ। ਉਨਾਂ ਨੂੰ ਮੇਰੀ ਬਿਮਾਰੀ ਦੀ ਕੋਈ ਖਬਰ ਨਹੀਂ ਸੀ। ਜਦ ਮੇਰਾ ਹਾਲ ਉਨਾਂ ਪੁੱਛਿਆ ਤੇ ਮੇਰੀ ਆਪਣੀ ਆਵਾਜ਼ ਵੀ ਡਾ. ਸਾਹਿਬ ਦੀ ਆਵਾਜ਼ ਵਰਗੀ ਹੋ ਚੁਕੀ ਸੀ ਘਗੀ ਜਿਹੀ ਮਸਾਂ ਦੋ ਗਲਾਂ ਹੀ ਕਰ ਸਕਿਆ। ਫੇਰ ਮੇਰਾ ਸਾਹ ਉਖੜ ਗਿਆ ਤੇ ਬਾਕੀ ਦੀ ਗਲ ਮੇਰੀ ਧਰਮ ਪਤਨੀ (ਤ੍ਰਿਸ਼ਲਾ) ਨੇ ਹੀ ਕੀਤੀ।

ਦੋ ਕੁ ਦਿਨਾਂ ਬਾਅਦ ਡਾ: ਸਾਹਿਬ ਇਕ ਸ਼ਾਮ ਫੇਰ ਮੇਰੇ ਘਰ ਮੇਰਾ ਪਤਾ ਕਰਨ ਲਈ ਪਹੁੰਚੇ। ਉਹ ਉਦਾਸ ਸਨ ਬੇਹੱਦ ਉਦਾਸ। ਮੈਂ ਉਹਨਾਂ ਦਾ ਹਾਲ ਚਾਲ ਪੁੱਛਿਆ ਤਾਂ ਕਹਿਣ ਲਗੇ ਰੋਡਵੇਜ਼ ਦੀ ਬੁੱਢੀ ਹੋ ਚੁਕੀ ਬੱਸ ਵਾਂਗ ਖੜਕ ਗਏ ਹਾਂ ਹੁਣ ਤਾਂ ਸਾਡੇ ਤੁਰਨ ਦਾ ਵੇਲਾ ਹੈ ਕੁਝ ਇਸ ਤਰ੍ਹਾਂ ਦੀਆਂ ਗਲਾਂ ਕਰਦੇ ਰਹੇ। ਸ਼ਾਮ ਕਾਫੀ ਹੋ ਚੁਕੀ ਸੀ ਮੇਰੇ ਦੋਸਤ ਮੇਰੇ ਕੋਲ ਬੈਠੇ ਸਨ ਮੈਂ ਕਿਹਾ ਡਾ: ਸਾਹਿਬ ਕਹੋ ਤਾਂ ਇਹ ਮੁੰਡੇ ਸਕੂਟਰ ਤੇ ਤੁਹਾਨੂੰ ਘਰ ਛਡ ਆਉਣਗੇ ਕਹਿਣ ਲਗੇ ਨਹੀਂ ਮੈਂ ਹੌਲੀ ਹੌਲੀ ਇਹ ਸੁਰਮਈ ਸ਼ਾਮ ਟੋਂਹਦਾ ਹੋਇਆ ਰਸਤਾ ਬਣਾਉਂਦਾ ਹੋਇਆ ਘਰ ਪਹੁੰਚ ਜਾਵਾਂਗਾ। ਤੂੰ ਫਿਕਰ ਨਾ ਕਰ ਤੂੰ ਤਾਂ ਕਵੀ ਐਂ ਕਦੀ ਕਵਿਤਾ ਲਿਖੀਂ ਕਿ ਉਹ ਬੁੱਢਾ ਹੌਲੀ ਹੌਲੀ ਸ਼ਾਮ ਦੇ ਹਨੇਰੇ 'ਚ ਘੁਲ ਗਿਆ। ਮੇਰਾ ਗੱਚ ਭਰ ਆਇਆ। ਆਖ਼ਰੀ ਵੇਲੇ ਮਨੁੱਖ ਏਨਾ ਉਦਾਸ ਕਿਉਂ ਹੋ ਜਾਂਦਾ ਹੈ। ਸ਼ਾਇਦ ਅਜੇ ਉਹ ਦੁਨੀਆਂ ਨੂੰ ਹੋਰ ਮਾਣਨਾ ਚਾਹੁੰਦਾ ਹੈ ਉਸਦੀ ਇੱਛਾ ਹੀ ਨਹੀਂ ਹੁੰਦੀ ਕਿ ਉਹ ਇਹ ਮੋਹ-ਖੋਰੀ ਦੁਨੀਆਂ ਨੂੰ ਛੱਡ ਕੇ ਚਲਾ ਜਾਵੇ ਫੇਰ ਉਹਨਾਂ ਨੇ ਆਪਣੀ ਜੇਬ 'ਚੋਂ ਇਕ ਸੌ ਦਾ ਨੋਟ ਕਢਿਆ ਤੇ ਮੇਰੀ ਜੇਬ 'ਚ ਪਾਉਣ ਲਗੇ ਮੇਰੇ ਵਾਰ ਵਾਰ ਰੋਕਣ 'ਤੇ ਉਹ ਕਹਿਣ ਲਗੇ ਅਸੀਂ ਹੋਰ ਕਰ ਵੀ ਕੀ ਸਕਦੇ ਹਾਂ ਇਹ ਮੇਰੀ ਨਿੱਕੀ ਜਿਹੀ ਭੇਂਟ ਸਵੀਕਾਰ ਕਰ ਲੈ— ਦਵਾਈ ਆਦਿ ਦਾ ਕੁਝ ਸੌਰ ਜਾਵੇਗਾ ਤੇ ਫੇਰ ਸੱਚਮੁੱਚ ਉਹ ਸੁਰਮਈ ਹਨੇਰੇ 'ਚ ਗੁੰਮ ਗਏ।

ਅੰਤਿਮ ਸੰਸਕਾਰ ਦਾ ਸਾਰਾ ਕੰਮਕਾਰ ਅਸੀਂ ਅੱਖੀਂ ਵੇਖਿਆ ਤੇ ਕੁਝ ਹੱਥੀਂ ਕੀਤਾ ਵੀ। ਉਹਨਾਂ ਦੇ ਅੰਤਿਮ ਦਰਸ਼ਨਾਂ ਲਈ ਉਹਨਾਂ ਦੇ ਸ਼ਰਧਾਲੂਆਂ ਦਾ ਭਾਰੀ ਇਕੱਠ ਉਹਨਾਂ ਦੀ ਕੋਠੀ ਅਗੇ ਜਮਾ ਸੀ। ਮੈਂ ਤੇ ਲਖਵਿੰਦਰ ਜੌਹਲ ਉਹਨਾਂ ਦੀ ਅੰਤਿਮ ਯਾਤਰਾ ਦੀ ਟੀ.ਵੀ. ਫਿਲਮ ਬਣਾ ਰਹੇ ਸਾਂ। ਉਧਰ ਰੇਡੀਓ ਵਲੋਂ ਦਵਿੰਦਰ ਜੌਹਲ ਮੌਕੇ ਤੇ ਇਕੱਤਰ ਸਾਹਿਤਕਾਰਾਂ ਨਾਲ ਗਲਬਾਤ ਕਰ ਰਿਹਾ ਸੀ। ਫੇਰ ਅਸੀਂ ਮਾਡਲ ਟਾਊਨ ਵਾਲੇ ਸ਼ਮਸ਼ਾਨ ਘਾਟ ਪੁਜੇ। ਜਦ ਸਿਵਾ ਬਲ ਰਿਹਾ ਸੀ ਤੇ ਮੈਂ ਉਸ ਵੇਲੇ ਡਾ: ਆਹੂਜਾ ਵਲੋਂ ਮੈਨੂੰ ਦਿਤਾ ਸੌ ਰੁਪਏ ਦਾ ਨੋਟ ਜੋ ਮੈਂ ਸਾਂਭ ਲਿਆ ਸੀ, ਖਰਚਿਆ ਨਹੀਂ, ਆਹੂਜਾ ਜੀ ਦੀ ਯਾਦ-ਨਿਸ਼ਾਨੀ,ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਜਗਦੀਸ਼ ਸਿੰਘ ਵਰਿਆਮ ਹੁਰਾਂ ਨੂੰ ਸੌਂਪ ਦਿਤੀ ਕਿ ਜਦ ਵੀ ਉਹਨਾਂ ਸੰਬੰਧੀ ਕੋਈ ਸਮਾਗਮ ਕਰੋ ਉਥੇ ਇਹ ਵਰਤ ਲੈਣਾ। ਹੰਝੂਆਂ ਭਰੀ ਵਿਦਾਇਗੀ ਤੇ ਅਸੀਂ ਘਰਾਂ ਨੂੰ ਪਰਤੇ।

ਪਰ ਉਹਨਾਂ ਦੀ ਮੈਂ ਇਕ ਇੱਛਾ ਪੂਰੀ ਨਾ ਕਰ ਸਕਿਆ ਆਪਣੀ ਲਾਪ੍ਰਵਾਹੀ ਕਾਰਣ। ਜਿਸ ਦਾ ਮੈਨੂੰ ਸਦਾ ਹੀ ਅਫਸੋਸ ਰਹੇਗਾ। ਉਹ ਮੇਰੀਆਂ ਕਵਿਤਾਵਾਂ ਨੂੰ ਅੰਗਰੇਜ਼ੀ 'ਚ ਅਨੁਵਾਦ ਕਰਕੇ ਛਪਵਾਉਣਾ ਚਾਹੁੰਦੇ। ਉਹਨਾਂ ਕਿਸੇ ਨਾਲ ਗੱਲ ਵੀ ਕਰ ਰੱਖੀ ਸੀ ਪਰ ਮੈਂ ਉਹਨਾਂ ਨੂੰ ਕਵਿਤਾਵਾਂ ਹੀ ਪੁਜਦੀਆਂ ਨਾ ਕਰ ਸਕਿਆ।

ਇਕ ਹੋਰ ਵਾਅਦਾ ਵੀ ਅਧੂਰਾ ਰਹਿ ਗਿਆ। ਮੈਂ ਉਹਨਾਂ ਦੀ ਪੁਸਤਕ 'ਅਫਲਾਤੂਨੀ ਗਲਬਾਤ' ਦਾ ਕੁਝ ਹਿੱਸਾ ਨਾਟਕੀ ਰੂਪਾਂਤਰ ਵਜੋਂ ਉਹਨਾਂ ਦੇ ਹੁੰਦਿਆਂ, ਸਟੇਜ ਕਰਨ ਦਾ ਮਨ ਬਣਾਇਆ ਸੀ। ਉਹਨਾਂ ਨੂੰ ਦਸ ਵੀ ਦਿਤਾ ਸੀ ਪਰ ਇਹ ਵੀ ਇਕ ਭਾਰ ਰਹੇਗਾ ਮੇਰੇ ਮਨ 'ਤੇ ਸਦਾ ਸਦਾ। ਜੋ ਮੈਂ ਵਾਅਦਾ ਨਹੀਂ ਪੁਗਾ ਸਕਿਆ। +


Sri Satguru Jagjit Singh Ji eLibrary NamdhariElibrary@gmail.com

# ਨਾਮਧਾਰੀਆਂ ਦੇ ਰਿਆਸਤ ਕਸ਼ਮੀਰ ਨਾਲ ਸੰਬੰਧ

—ਸ: ਨਾਹਰ ਸਿੰਘ

ਪਿਛਲੀ ਸਦੀ ਵਿਚ ਗੁਰੂ ਰਾਮ ਸਿੰਘ ਵਲੋਂ ਚਲਾਏ 'ਕੂਕਾ ਅੰਦੋਲਨ' ਦੇ ਸੰਬੰਧ ਵਿਚ ਭਾਰਤ ਦੀਆਂ ਸਰਹਦੀ ਹਕੂਮਤਾਂ ਕਸ਼ਮੀਰ ਅਤੇ ਨੈਪਾਲ ਵਿਚ ਮਿਸ਼ਨ ਭੇਜ ਕੇ ਤਾਲ-ਮੇਲ ਪੈਦਾ ਕੀਤਾ ਗਿਆ। ਪ੍ਰਸਿਧ ਇਤਿਹਾਸਕਾਰ ਸ: ਨਾਹਰ ਸਿੰਘ ਦੁਆਰਾ ਲਿਖੇ ਇਤਿਹਾਸ ਦੇ ਇਹਨਾਂ ਹੀ ਪੰਨਿਆਂ ਤੇ ਪਾਠਕਾਂ ਦੀ ਝਾਤ ਪੁਆ ਰਹੇ ਹਾਂ। —ਸੰਪਾਦਕ

---

ਗੁਰੂ ਰਾਮ ਸਿੰਘ ਜੀ ਨੇ ਧਰਮ ਪ੍ਰਚਾਰ ਅਤੇ ਭਾਈ-ਚਾਰਕ ਸੁਧਾਰ ਲਹਿਰ ਦੀ ਨਿਉਂ ਦੀ ਉਸਾਰੀ ਰਾਜਸੀ ਇੰਦੀਏ ਨਾਲ ਕੀਤੀ ਸੀ। ਆਪ ਜੀ ਦਾ ਅਸਲੀ ਨਿਸ਼ਾਨਾ ਉਕਤ ਦੋਨੋਂ ਵਸੀਲਿਆਂ ਨਾਲ ਜਨਤਾ ਨੂੰ ਇਕ ਲੜੀ ਵਿਚ ਪਰੋਕੇ ਵਦੇਸ਼ੀ ਹਕੂਮਤ ਦੇ ਬਰਖਲਾਫ ਸਵਤੰਤਰਤਾ ਸੰਗਰਾਮ ਲਈ ਜਨਤਾ ਅਤੇ ਦੇਸ਼ ਨੂੰ ਤਿਆਰ ਕਰਨਾ ਸੀ। ਸੰਨ ੧੮੬੮ ਜਾਂ ਸੰਮਤ ੧੯੨੫ ਤਕ ਬਾਬੋ ਪੁਰਾਣੇ ਦੇ ਵਨਸ਼ਜ ਗੁਰਚਰਨ ਸਿੰਘ ਅਤੇ ਬਾਬਾ ਕੰਨ੍ਹਯਾ ਸਿੰਘ ਅਤੇ ਜਗਤ ਸਿੰਘ ਬੇਦੀਆਂ ਦੇ ਪ੍ਰਚਾਰ ਨਾਲ ਕਾਬਲ, ਪਸ਼ਾਵਰ, ਤੀਰਾਹ ਅਤੇ ਹਰੀ ਪੁਰ ਹਜ਼ਾਰੇ ਤਕ ਲੋਕੀ ਇਸ ਨਵੀਂ ਲਹਿਰ ਦੇ ਮਨਤਵ ਅਤੇ ਇਸ ਦੇ ਸੰਚਾਲਕ ਗੁਰੂ ਦੇ ਨਾਮ ਤੋਂ ਵਾਕਫ ਹੋ ਗਏ ਸਨ। ਪੰਜਾਬ ਦੇ ਬਹੁਤ ਸਾਰੇ ਵਹਾਬੀਆਂ ਅਤੇ ਨਾਮਧਾਰੀਆਂ ਦੇ ਪਿੰਡ ਇਕੋ ਹੀ ਸਨ।

ਅੰਗਰੇਜ਼ਾਂ ਸਿਖਾਂ ਦੀ ਪਹਿਲੀ ਲੜਾਈ ਦੇ ਅਖੀਰ ਤੇ ਅੰਗਰੇਜ਼ਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਲਾਹੌਰ ਦੀ ਬਾਦਸ਼ਾਹਿਤ ਦਾ ਕਸ਼ਮੀਰ ਦਾ ਅਲਾਕਾ ਇਕ ਕਰੋੜ ਰੁਪਏ ਨੂੰ ਬੇਚ ਦਿਤਾ ਸੀ। ਜਦ ਅੰਗਰੇਜ਼ਾਂ ਨੇ ਆਪਣੀ ਪਹਿਲੋਂ ਹੀ ਗਿਣੀ ਮਿਥੀ ਵਿਉਂਤ ਅਨੁਸਾਰ ਪੰਜਾਬ ਨੂੰ ਆਪਣੀ ਸਲਤਨਤ ਵਿਚ ਸ਼ਾਮਲ ਕਰ ਲਿਆ ਅਤੇ ਇਸ ਨਵੇਂ ਅਲਾਕੇ ਦੀਆਂ ਸਰਹੱਦਾਂ ਦਾ ਮੁਤਾਲਿਆ ਕੀਤਾ, ਤਦ ਉਹਨਾਂ ਨੂੰ ਕਸ਼ਮੀਰ ਨੂੰ ਵੇਚਣ ਦੀ ਗਲਤੀ ਦਾ ਇਹਸਾਸ ਹੋਇਆ। ਯੂਰਪ ਵਿਚ ਹੋਈ ਕਰੀਮੀਆ ਦੀ ਲੜਾਈ ਪਿਛੋਂ ਅੰਗਰੇਜ਼ਾਂ ਨੇ ਰੂਸੀ ਤੁਰਕਿਸ-ਤਾਨ ਅਤੇ ਕਸ਼ਮੀਰ ਦੀ ਮਿਲਵੀਂ ਸਰਹੱਦ ਅਤੇ ਆਉਣ ਜਾਣ ਦੇ ਰਸਤਿਆਂ ਆਦਿ ਤੇ ਪੱਕੀ ਤਰ੍ਹਾਂ ਕਬਜ਼ਾ ਕਰਨ ਦੀਆਂ ਵਿਉਂਤਾਂ ਸੋਚਣੀਆਂ ਸ਼ੁਰੂ ਕੀਤੀਆਂ ਅਤੇ ਰਿਆਸਤ ਦੇ ਅੰਦਰੂਨੀ ਮਾਮਲਿਆਂ ਵਿਚ ਵੀ ਦਖਲ ਦੇਣ ਲਗ ਪਏ।

ਕਸ਼ਮੀਰ ਦਾ ਮਹਾਰਾਜਾ ਰਣਬੀਰ ਸਿੱਘ ਅੰਗਰੇਜ਼ਾਂ ਦੇ ਪੁਰਾਣੇ ਅਹਿਦ ਨਾਮੇਂ ਵਿਚ ਆਈਆਂ ਸ਼ਰਤਾਂ ਤੋਂ ਵਧੇਰੇ ਦਖਲ ਦੇਣ ਨੂੰ ਬਹੁਤ ਬੁਰਾ ਮਨਾਂਦਾ ਸੀ। ਕਸ਼ਮੀਰ ਦਰਬਾਰ ਵਿਚ ਉਸ ਸਮੇਂ ਅਹਿਲਕਾਰਾਂ ਦੀਆ ਦੋ ਪਾਰਟੀਆਂ ਸਨ। ਇਕ ਵਡੇ ਵਜ਼ੀਰ ਦੀਵਾਨ ਕ੍ਰਿਪਾ ਰਾਮ ਐਮਨਾਬਾਦੀਏ ਦੀ, ਜੋ ਅੰਗਰੇਜ਼ਾਂ ਨਾਲ ਪੱਕੀ ਦੋਸਤੀ ਰਖਣ ਦੇ ਹੱਕ ਵਿਚ ਸੀ। ਦੂਸਰੀ ਮਹਾਰਾਜਾ ਗੁਲਾਬ ਸਿੰਘ ਦੇ ਗੁਰੂ ਵੇਦਾਂਤੀ ਜੀ ਦੀ, ਜੋ ਕਸ਼ਮੀਰ ਨੂੰ ਅੰਗਰੇਜ਼ਾਂ ਦੇ ਅਸਰ ਰਸੂਖ ਤੋਂ ਬਚਾ ਕੇ ਇਸ ਨੂੰ ਇਕ ਨੀਮ ਸਵਤੰਤਰ ਹਿੰਦੂ ਰਾਜ ਦੀ ਸ਼ਕਲ ਵਿਚ ਰਖਣਾ ਚਾਹੁੰਦਾ ਸੀ। ਵੇਦਾਂਤੀ ਜੀ, ਮਹਾਰਾਜਾ ਗੁਲਾਬ ਸਿੰਘ ਜੀ ਦੇ ਸਮੇਂ ਤੋਂ ਇਕ ਵਿਦਿਆਲਯ ਚਲਾ ਰਹੇ ਸਨ, ਅਤੇ ਉਸ ਵਿਚ ਆਪ ਵੀ ਸਿਕਸ਼ਾ ਦਿਆ ਕਰਦੇ ਸਨ। ਗੁਜਰਾਂ-ਵਾਲਾ ਅਤੇ ਸਿਆਲਕੋਟ ਦੇ ਜ਼ਿਲਿਆਂ ਦੇ ਬਹੁਤ ਸਾਰੇ ਨਾਮਧਾਰੀ ਵੇਦਾਂਤੀ ਜੀ ਦੇ ਮਿਤਰ ਸਨ, ਅਤੇ ਉਹਨਾਂ ਪਾਸ ਇਹਨਾਂ ਦੀ ਖੁਲ੍ਹੀ ਆਵਾਜਾਈ ਸੀ।

ਕਿਸ਼ਨ ਸਿੰਘ ਦੂਸਰਾ ਨਾਮ ਹਰੀ ਸਿੰਘ ਪਿੰਡ ਗਰੰਥ-ਗੜ੍ਹ ਜ਼ਿਲ੍ਹਾ ਅੰਮ੍ਰਿਤਸਰ ਅਤੇ ਰਾਜਾ ਸਿੰਘ ਤਰਾਂਡੀਵਾਲਾ ਵੇਦਾਂਤੀ ਜੀ ਨੂੰ ਬਹੁਤ ਵਾਰੀ ਮਿਲਦੇ ਰਹਿੰਦੇ ਸਨ। ਗੁਰੂ ਰਾਮ ਸਿੰਘ ਜੀ ਦੇ ਦੜਪ, ਗੁਜਰਾਂਵਾਲਾ, ਸਿਆਲਕੋਟ ਦੇ ਦੌਰੇ ਸਮੇਂ ੧੮੬੯ ਦੀਆਂ ਗਰਮੀਆਂ ਵਿਚ ਹੀ ਆਪ ਜੀ ਦੇ ਹੁਕਮ ਨਾਲ ਅਤੇ ਵੇਦਾਂਤੀ ਜੀ ਦੇ ਵਸੀਲੇ ਦੁਆਰਾ ਹੀਰਾ ਸਿੰਘ ਲੰਬੂ ਸਢੌਰੇ ਵਾਲਾ, ਤਾਰਾ ਸਿੰਘ ਕਿਲਾ ਦੇਸਾ ਸਿੰਘ ਵਾਲੇ ਨਾਲ ੩੦ ਕੁ ਕੂਕਿਆਂ ਸਮੇਤ ਮਹਾਰਾਜ ਕਸ਼ਮੀਰ ਪਾਸ ਜੰਮੂ ਪਹੁੰਚੇ। ਵੇਦਾਂਤੀ ਜੀ ਦੀ ਸਫਾਰਸ਼ ਤੇ ਮਹਾਰਾਜਾ ਰਣਬੀਰ ਸਿੰਘ ਨੇ ਇਹਨਾਂ ਨੂੰ ਜੰਮੂ ਸ਼ਹਿਰ ਤੋਂ ਬਾਹਰ ਥਾਂ ਦੇ ਦਿਤੀ। ਮਹਾਰਾਜਾ ਸਾਹਿਬ ਨੇ ਇਹਨਾਂ ਨੂੰ ਇਹ ਯਕੀਨ ਦਵਾਇਆ ਕਿ ਜੇ ਉਹ ਇਕ ਪਲਟਣ ਦੀ ਪੂਰੀ ਨਫਰੀ ਜਿਤਨੇ ਕੂਕੇ ਲੈ ਆਵਣ, ਤਦ ਉਹਨਾਂ ਦੀ ਵਖਰੀ ਪਲਟਨ ਖੜੀ ਕਰ ਦਿਤੀ ਜਾਵੇਗੀ। ਕੂਕਿਆਂ ਦੀ ਕੰਪਨੀ ਕੁਮੇਦਾਨ ਹੁਕਮਾਂ ਸਿੰਘ ਦੀ ਰਜਮੈਂਟ ਨਾਲ ਸ਼ਾਮਲ ਕਰਕੇ ਸ੍ਰੀਨਗਰ ਭੇਜ ਦਿਤੀ ਗਈ। ਇਸ ਰਜਮੈਂਟ ਦਾ ਅਜੀਟਨ ਗਵਰਨਰ ਮੀਹਾਂ ਸਿੰਘ ਦਾ ਭਤੀਜਾ ਮਿਸਰੀਮੀਨੇ ਵਾਲਾ ਤਾਰਾ ਸਿੰਘ ਸੀ। ਨਾਮਧਾਰੀਆਂ ਨੂੰ ਪੂਰੀ ਤਰ੍ਹਾਂ ਕਵਾਇਦ ਪਰੇਡ ਸਖਾ ਕੇ ਅਤੇ ਵਰਦੀਆਂ ਦੇ ਕੇ ਬਾਕਾਇਦਾ ਸਰਕਾਰੀ ਨੌਕਰ ਕਰ ਲੀਤਾ ਗਿਆ। ੧੪ ਕੁ ਮਹੀਨੇ ਪਿਛੋਂ ਜਾਂ ਨਵੰਬਰ ੧੮੭੦ ਵਿਚ ਨਾਮਧਾਰੀ ਸਪਾਹੀਆਂ ਦੀ ਗਿਣਤੀ ਢਾਈ ਸੌ ਦੇ ਕਰੀਬ ਹੋ ਗਈ, ਅਤੇ ਇਹਨਾਂ ਦੀਆਂ ਡਿਊਟੀਆਂ ਕਸ਼ਮੀਰ ਦੀਆਂ ਸਰਹੱਦੀ ਚੌਂਕੀਆਂ ਤੇ ਲਗਾਈਆਂ ਜਾਂਦੀਆਂ ਸਨ।

ਨਾਮਧਾਰੀ ਸਪਾਹੀਆਂ ਦੀ ਤਨਖਾਹ ਦਸ ਰੁਪਏ (ਚਿਲਕੀ) ਸੀ। ਜੰਮੂ ਦੀ ਫੌਜ ਦੇ ਦੂਸਰੇ ਸਪਾਹੀਆਂ ਨਾਲੋਂ ਇਹਨਾਂ ਨੂੰ ਇਕ ਰੁਪਿਆ ਜ਼ਿਆਦਾ ਮਿਲਦਾ ਸੀ। ਇਹਨਾਂ ਸਪਾਹੀਆਂ ਵਿਚ ਦੋ ਨਾਮਧਾਰੀ ਉਹ ਵੀ ਸਨ, ਜੋ ਮੁਸਲਮਾਨਾਂ



Sri Satguru Jagjit Singh Ji eLibrary NamdhariElibrary@gmail.com

ਤੋਂ ਕੂਕੇ ਬਣੇ ਸਨ।

ਪੰਜਾਬ ਸਰਕਾਰ ਨੂੰ ਜਦ ਇਸ ਗੱਲ ਦੀ ਸੋਅ ਲਗੀ, ਤਦ ਉਸ ਨੇ ਇਸ ਦਾ ਪੂਰਾ ਪੂਰਾ ਪਤਾ ਲੈਣ ਲਈ ਆਪਣਾ ਇਕ ਅਫਸਰ ਭੇਜਿਆ, ਜਿਸ ਨੇ ੩ ਜਾਂ ੪ ਮਹੀਨੇ ਪਿਛੋਂ ਆ ਕੇ ਨਾਮਧਾਰੀਆਂ ਦੇ ਕਸ਼ਮੀਰ ਦੀ ਫੌਜ ਵਿਚ ਭਰਤੀ ਹੋਵਣ ਦਾ ਪਤਾ ਦਿਤਾ। ਇਸ ਅਫਸਰ ਤੋਂ ਬਗੈਰ ਵੀ ਹੋਰ ਕਈ ਸੂਹੀਏ ਭੇਜੇ ਗਏ, ਜੋ ਇਸ ਗੱਲ ਦਾ ਪਤਾ ਕਢਦੇ ਫਿਰਦੇ ਰਹੇ। ਭਾਵੇਂ ਇਸ ਸਮੇਂ ਸਰਕਾਰ ਪਾਸ ਨਾਮਧਾਰੀਆਂ ਵਿਰੁਧ ਕੋਈ ਰੀਪੋਰਟਾਂ ਨਹੀਂ ਪੁਜ ਰਹੀਆਂ ਸਨ, ਪਰ ਫੇਰ ਵੀ ਪੰਜਾਬ ਸਰਕਾਰ ਨਾਮਧਾਰੀਆਂ ਦੇ ਇਸ ਤਰ੍ਹਾਂ ਦੇਸੀ ਰਿਆਸਤਾਂ ਦੀਆਂ ਫੌਜਾਂ ਵਿਚ ਭਰਤੀ ਹੋ ਕੇ, ਕਵਾਇਦ ਪਰੇਡ ਸਿਖ ਕੇ ਫੌਜੀ ਸ਼ਾਸਨ ਦੇ ਪਾਬੰਦ ਅਤੇ ਆਦੀ ਹੋ ਜਾਵਣ ਨੂੰ ਬਹੁਤ ਖਤਰੇ ਵਾਲੀ ਗਲ ਖਿਆਲ ਕਰਦੀ ਸੀ। ਭਰਤੀ ਹੋ ਕੇ ਨਾਮਧਾਰੀ, ਪੁਲੀਸ ਦੀ ਨਿਗਰਾਨੀ ਤੋਂ ਅਤੇ ਅਫਸਰਾਂ ਦੀਆਂ ਅੱਖਾਂ ਤੋਂ ਉਹਲੇ ਹੋ ਜਾਂਦੇ ਸਨ। ਇਸ ਲਈ ਉਹਨਾਂ ਦੇ ਮਨਸੂਬਿਆਂ ਦਾ ਕੁਝ ਪਤਾ ਨਹੀਂ ਲਗਦਾ ਸੀ।

ਦੀਵਾਨ ਕ੍ਰਿਪਾ ਰਾਮ, ਵੇਦਾਂਤੀ ਜੀ ਨਾਲ ਪਰਸਪਰ ਦੁਸ਼ਮਣੀ ਹੋਣ ਕਾਰਨ ਤੇ ਅੰਗਰੇਜ਼ਾਂ ਦਾ ਆਪਣਾ ਆਦਮੀ ਹੋਣ ਕਰਕੇ ਕਸ਼ਮੀਰ ਦੀ ਸਰਹੱਦੀ ਰਿਆਸਤ ਵਿਚ ਨਾਮਧਾਰੀਆਂ ਦੀ ਪਲਟਣ ਖੜੀ ਕਰਨ ਦਾ ਸਖਤ ਵਿਰੋਧੀ ਸੀ। ਉਹ ਕਿਸੇ ਐਸੇ ਮੌਕੇ ਦੀ ਤਾੜ ਵਿਚ ਸੀ, ਜਦ ਉਹ ਮਹਾਰਾਜ ਪਾਸੋਂ ਇਸ ਪਲਟਨ ਦੇ ਤੋੜਨ ਦੇ ਹੁਕਮ ਹਾਸਲ ਕਰ ਸਕੇ। ਦੀਵਾਨ ਸਾਹਿਬ ਇਕ ਨਿਹਾਇਤ ਹੁਸ਼ਿਆਰ ਅਤੇ ਸਿਆਣਾ ਰਿਆਸਤੀ ਅਹਿਲਕਾਰ ਸੀ। ਉਸ ਦੀ ਅੰਗਰੇਜ਼ ਅਫਸਰਾਂ ਨਾਲ ਚੰਗੀ ਬਣੀ ਹੋਈ ਸੀ। ਅੰਗਰੇਜ਼ ਵੀ ਦੀਵਾਨ ਸਾਹਿਬ ਨੂੰ ਨਾਮਧਾਰੀਆਂ ਨੂੰ ਫੌਜਾਂ ਵਿਚ ਨਾ ਰਖਣ ਲਈ ਹਮੇਸ਼ਾ ਕਹਿੰਦੇ ਰਹਿੰਦੇ। ਦੀਵਾਨ ਸਾਹਿਬ ਸੰਬੰਧੀ ਮਸ਼ਹੂਰ ਹੈ, ਕਿ ਉਸ ਨੇ ਰਿਆਸਤ ਦੇ ਅਹੁਦਿਆਂ ਤੇ ਆਪਣੇ ਸਾਲੇ ਅਤੇ ਸਾਲਿਆਂ ਦੇ ਸਾਲੇ ਅਤੇ ਉਹਨਾਂ ਸਾਲਿਆਂ ਦੇ ਸਾਲੇ ਲਗਾ ਛਡੇ ਸਨ। ਅੰਮ੍ਰਿਤਸਰ ਅਤੇ ਰਾਏਕੋਟ ਦੇ ਬੁਚੜਾਂ ਦੇ ਕਤਲ ਕਰਨ ਵਾਲਿਆਂ ਨੂੰ ਫਾਂਸੀਆਂ ਹੋਵਣ ਸਮੇਂ ਅੰਗਰੇਜ਼ਾਂ ਨੂੰ ਨਾਮਧਾਰੀਆਂ ਦੀ ਜਥੇਬੰਦੀ ਸੰਬੰਧੀ ਬੇਹੱਦ ਸ਼ਕ ਪੈ ਗਏ ਸਨ। ਸੋ ਇਸ ਮੌਕੇ ਤੇ ਦੀਵਾਨ ਸਾਹਿਬ ਨੇ ਮਹਾਰਾਜਾ ਪਾਸ ਜਾ ਕੇ ਦਸਿਆ ਕਿ ਉਸ ਨੇ ਰੈਜ਼ੀਡੈਂਟ ਸਾਹਿਬ ਨੂੰ ਗਲਾਂ ਬਾਤਾਂ ਕਰਦੇ ਹੋਏ ਖੁਦ ਸੁਣਿਆ ਹੈ ਕਿ ਅੰਗਰੇਜ਼ੀ ਸਰਕਾਰ ਕੂਕਿਆਂ ਦੇ ਸਖਤ ਵਿਰੁਧ ਹੈ, ਕਿਉਂਕਿ ਕੂਕੇ ਅੰਗਰੇਜ਼ਾਂ ਦੇ ਕਟੜ ਵੈਰੀ ਹਨ। ਮਹਾਰਾਜਾ ਨੇ ਦੀਵਾਨ ਸਾਹਿਬ ਦੇ ਕਹਿਣ ਤੇ ਆਪਣੀ ਜ਼ਾਤੀ ਬਿਹਤਰੀ ਇਸ ਵਿਚ ਹੀ ਸਮਝੀ ਕਿ ਕੂਕਿਆਂ ਦੀ ਕੰਪਨੀ ਤੋੜ ਦਿਤੀ ਜਾਵੇ। ਖੜੀ ਕਰਨ ਤੋਂ ਛਿੰਨ ਕੁ ਸਾਲ ਪਿਛੋਂ ਸੰਨ ੧੮੭੧ ਦੇ ਅਖੀਰ ਵਿਚ ਕੰਪਨੀ ਤੋੜ ਦਿਤੀ ਗਈ ਅਤੇ ਨਾਮਧਾਰੀ ਸਪਾਹੀ ਘਰੋ ਘਰੀਂ ਵਾਪਸ ਆ ਗਏ। ਸਾਢੌਰੇਵਾਲਾ ਹੀਰਾ ਸਿੰਘ ਇਹਨਾਂ ਨਾਮਧਾਰੀਆਂ ਦਾ ਆਗੂ ਸੀ, ਜੋ ੧੮੮੧ ਤੋਂ ਵੀ ਪਿਛੋਂ ਆਪਣੇ ਪਿੰਡ ਸਢੌਰੇ ਵਿਖੇ ਹੀ ਰਹਿੰਦਾ ਸੀ।


Manufacturers of :
Hydraulic Presses for Rubber Industries,
Streightening Bending, Deep Drawing,
Clutch Facing & Brack-Linings

Specialists in :
Deep Drawing, Hydraulic Press for
Pressure Cooker

**HIND**

**Hydraulic Industries**

**Opp. Dass, Hitachi, Industrial Area,**
**Rajinder Nagar, P.O. Mohan Nagar,**
**GHAZIABAD.**
Phone : 867031


ਪਾਠਕੋ ਵਰਿਆਮ ਦੇ ਬਕਾਇਆ
ਚੰਦੇ ਜਲਦੀ ਭੇਜੋ


Phones : 5726018, 5710321
Resi. : 585011

**HOTEL**

**RAJINDERA**

**34, South Patel Nagar,**
**NEW DELHI-110008.**

**Prop. :** Seth Sohinder Singh





Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਪ੍ਰਤਾਪ ਸਿੰਘ : ਕੁੱਝ ਯਾਦਾਂ

—ਜੋਗਾ ਸਿੰਘ ਨਾਮਧਾਰੀ

ਦਸ ਕੁ ਸਾਲ ਦੀ ਉਮਰ ਦੀ ਹੋਸ਼ ਵਿਚ ਮੈਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਸ੍ਰੀ ਭੈਣੀ ਸਾਹਿਬ ਵਿਖੇ ਕੀਤੇ । ਰਾਮ ਸਰੋਵਰ ਕੋਲ ਬੋਹੜਾਂ ਥਲੇ ਦੀਵਾਨ ਲਗਾ ਹੋਇਆ ਸੀ । ਸਤਿਗੁਰੂ ਜੀ ਆਸਨ ਤੇ ਸਸ਼ੋਭਤ ਸਨ । ਆਪ ਜੀ ਦਾ ਸਰੀਰ ਭਰਵਾਂ ਤੇ ਲੰਬਾ ਸੀ । ਸੰਗਤ ਵਿਚ ਬੈਠਿਆਂ ਆਪ ਜੀ ਦਾ ਦਿਖਾਈ ਦਿੰਦਾ ਸੀਸ ਸਭ ਨਾਲੋਂ ਉਚਾ ਸੀ । ਮਿਹਰ ਦੀ ਨਿਗ੍ਹਾ ਕਰਕੇ ਜਿਸ ਵਲ ਤਿਰਛੀ ਦ੍ਰਿਸ਼ਟੀ ਨਾਲ ਵੀ ਤਕਿਆ ਉਹ ਹਮੇਸ਼ਾ ਵਾਸਤੇ ਚਰਨਾਂ ਦਾ ਭੌਰਾ ਬਣ ਗਿਆ । ਬਜ਼ੁਰਗਾਂ ਨੇ ਦਸਿਆ ਹੈ ਅੰਮ੍ਰਿਤ ਵੇਲੇ ਸਤਿਗੁਰੂ ਜੀ ਨੇ ਆਪ ਖੂਹੀ ਤੋਂ ਪਾਣੀ ਕਢਣਾ ਤੇ ਸਾਧ ਸੰਗਤ ਦਾ ਇਸ਼ਨਾਨ ਕਰਵਾਈ ਜਾਣਾ । ਕਰ ਕਮਲਾਂ ਨਾਲ ਲੰਗਰ ਵਰਤੌਣਾ ਤੇ ਸਾਧ ਸੰਗਤ ਦੇ ਜੂਠੇ ਬਰਤਨ ਸਾਫ ਕਰਨਾ ਵੀ ਉਹਨਾਂ ਦੇ ਧਰਮ ਦਾ ਇਕ ਅੰਗ ਸੀ । ਸਾਡੇ ਪਿੰਡ (ਗੜ੍ਹ ਪਧਾਣਾ ਜ਼ਿਲਾ ਜਲੰਧਰ) ਸ੍ਰੀ ਸਤਿਗੁਰੂ ਜੀ ਨੇ ਅਨੇਕ ਵਾਰ ਚਰਨ ਪਾਉਣ ਦੀ ਕਿਰਪਾ ਕੀਤੀ । ਸਾਡੇ ਪਿੰਡ ਦੇ ਭਾਗ ਇਸ ਪਖੋਂ ਵੀ ਚੰਗੇ ਸਨ ਕਿਉਂਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਚਪਨ ਦੀ ਵਿਦਿਆ ਦੇ ਅਧਿਆਪਕ ਪੰਡਤ ਬਸੰਤ ਸਿੰਘ ਜੀ ਇਸ ਪਿੰਡ ਜਨਮੇ ਸਨ । ਪੰਡਤ ਜੀ ਨੇ ਸਾਰੇ ਪਿੰਡ ਵਾਲਿਆਂ ਨੂੰ ਭਜਨ ਦਸਿਆ ਹੋਇਆ ਸੀ ਤੇ ਇਹ ਪਿੰਡ ਕੂਕਿਆਂ ਦਾ ਗੜ੍ਹ ਕਰਕੇ ਵੀ ਜਾਣਿਆ ਜਾਂਦਾ ਸੀ । ਸਾਡੇ ਹੀ ਘਰ ਵਿਚ ਐਸੀ ਖੇਡ ਵਰਤੀ ਜਿਹੜਾ ਬਚਾ ਜਨਮ ਲਵੇ ਕੁਝ ਦਿਨਾਂ ਬਾਦ ਚੜਾਈ ਕਰ ਜਾਵੇ । ਇਕ ਸੰਤਾ ਸਿੰਘ ਪਿੰਡ ਗਰਚੇ ਦਾ ਸੀ । ਟੂਣੇ ਤਵੀਤ ਦਾ ਕੰਮ ਵੀ ਕਰ ਲੈਂਦਾ ਸੀ । ਪਿਤਾ ਜੀ ਨੂੰ ਆਖਣ ਲਗਾ ਜਿੰਨਾ ਚਿਰ ਮੇਰੇ ਮਗਰ ਨਹੀਂ ਲਗੋਂਗਾ ਬਚੇ ਮਰਦੇ ਰਹਿਣਗੇ । ਪਿਤਾ ਜੀ ਵਿਥਿਆ ਸਤਿਗੁਰੂ ਜੀ ਪਾਸ ਸੁਨਾਈ । ਸਤਿਗੁਰੂ ਜੀ ਬਚਨ ਕੀਤਾ । "ਸਤਿਗੁਰੂ ਰਾਮ ਸਿੰਘ ਕਿਰਪਾ ਕਰਨਗੇ । ਜਾਉ ਅਗੋਂ ਤੋਂ ਬਚੇ ਬਚਣਗੇ" ।ਐਸਾ ਹੀ ਹੋਇਆ । ਇਸੇ ਹੀ ਪਿੰਡ ਸਾਂਝੀ ਜਗਾ ਦੀਵਾਨ ਲਗਾ ਸਤਿਗੁਰੂ ਜੀ ਵਿਚਕਾਰ ਸ਼ੋਭਾ ਦੇ ਰਹੇ ਸੀ । ਪਿੰਡ ਦਾ ਜੈਲਦਾਰ ਅਤੇ ਇਕ ਪੁਲਿਸ ਵਾਲਾ ਦੀਵਾਨ ਵਿਚ ਆ ਬੈਠੈ । ਪੁਲਸੀਏ ਨੇ ਚਮੜੇ ਦੀ ਬੈਲਟ ਲਾਈ ਹੋਈ ਸੀ । ਸਤਿਗੁਰੂ ਜੀ ਆਦੇਸ਼ ਦਿਤਾ ਬੈਲਟ ਉਤਾਰ ਆਵੇ ਜਾਂ ਦੀਵਾਨ ਵਿਚੋ ਚਲੇ ਜਾਣ ਉਹਨਾਂ ਵਿਚ ਆਪਣੇ ਅਹੁਦਿਆਂ ਦੀ ਹੈਂਕੜ ਸੀ । ਨਾ ਉਠੇ । ਸਤਿਗੁਰੂ ਜੀ ਹੁਕਮ ਕੀਤਾ ਨਾਮਧਾਰੀ ਸਿੰਘ ਦੀ ਜਗਾ ਵਿਚ



ਦੀਵਾਨ ਸਥਾਨ ਬਦਲ ਦਿਓ ਜੋ ਨਾਲ ਹੀ ਸੀ । ਦੀਵਾਨ ਸਥਾਨ ਬਦਲਿਆ ਗਿਆ । ਸਤਿਗੁਰੂ ਜੀ ਆਪ ਖੂੰਡਾ ਲੈਕੇ ਖਲੋ ਗਏ-ਲਲਕਾਰਦੇ ਆਖਿਆ, "ਹਿੰਮਤ ਹੈ ਹੁਣ ਦੀਵਾਨ ਵਿਚ ਆਓ । ਉਹ ਦੋਵੇ ਭੱਜ ਗਏ । ਦੋਆਬੇ ਦਾ ਦੋਰਾ ਕਰਦੇ ਕਰਦੇ ਸਤਿਗੁਰੂ ਜੀ ਹੰਸਰੋ ਪਿੰਡ ਗਏ । ਉਹਨਾਂ ਦਿਨਾਂ ਵਿਚ ਦੋਆਬੇ ਦੇ ਸੂਬਾ ਸਵਰਗਵਾਸੀ ਦਸੋਂਧਾ ਸਿੰਘ ਜੀ ਪਿੰਡ ਨਗਰ ਦੇ ਸਨ । ਸਤਿਗੁਰੂ ਜੀ ਦਾ ਦੌਰਾ ਕਈ ਪਿੰਡਾਂ ਤੋ ਹੋ ਆਇਆ ਸੀ ਪਰ ਸੂਬਾ ਜੀ ਅਜੇ ਤਕ ਦੌਰੇ ਨਾਲ ਸ਼ਾਮਲ ਨਹੀ ਸੀ ਹੋਏ । ਸਤਿਗੁਰਾਂ ਰਤਨ ਸਿੰਘ ਮਾਹੋਵਾਲੀਏ ਨੂੰ ਘੋੜੇ ਤੇ ਭੇਜਿਆ ਸੂਬਾ ਜੀ ਨੂੰ ਲੈਕੇ ਆਉ । ਜਦੋਂ ਉਹ ਗਏ ਤਾਂ ਸੂਬਾ ਜੀ ਕਮਾਦ ਪੀੜਦੇ ਸੀ । ਸਤਿਗੁਰਾਂ ਦਾ ਹੁਕਮ ਸੁਣਕੇ ਆਣ ਹਾਜ਼ਰ ਹੋਏ ਤਾਂ ਸਤਿਗੁਰਾਂ ਉਸ ਵਲ ਕੰਡ ਕਰ ਲਈ । ਸੂਬਾ ਜੀ ਅਰਜ਼ ਕੀਤੀ ਪਾਤਸ਼ਾਹ ਮੈਂ ਇਕਲਾ ਹੀ ਹਾਂ ਕੰਮ ਦਾ ਜ਼ੋਰ ਸੀ । (ਸੂਬਾ ਜੀ ਦੇ ਸਿਰਫ ਇਕੋ ਪੁਤਰ ਹੈ) ਸਤਿਗੁਰਾਂ ਬਚਨ ਕੀਤਾ ਅਸੀ ਤਾਂ ਉਥੇ ਪਿੰਡ ਵਸੌਣਾ ਹੈ ਤੂੰ ਆਂਹਦਾ ਹੈ ਮੈਂ ਇਕਲਾ ਹੀ ਹਾਂ । ਬਚਨ ਪੂਰੇ ਹੋਏ । ਸੂਬਾ ਜੀ ਦੇ ੮ ਪੋਤਰੇ ੬ ਪੋਤਰੀਆਂ ਹੋਈਆਂ । ਪਿੰਡੋ ਬਾਹਰ ਖੂਹ ਤੇ ਆਪਣੇ ਫਾਰਮ ਵਿਚ ਰਹਿੰਦੇ ਹਨ । ਵਾਕਿਆ ਹੀ ਪਿੰਡ ਬੱਨਾ ਹੋਇਆ ਹੈ ।

—੨੯੯੧, ਸ਼ਾਦੀ ਪੁਰ,
ਨਵੀਂ ਦਿਲੀ ।


Sri Satguru Jagjit Singh Ji eLibrary NamdhariElibrary@gmail.com

https://archive.org/details/namdhari



# ........ਭਰਪੂਰ ਹਾਂ ਮੈਂ

—ਅਜਾਇਬ ਸਿੰਘ

ਸਤਿਗੁਰ ਐਧਰ ਭੀ ਕਦੇ ਨਿਗਾਹ ਕਰ ਦੇ
ਤੇਰੇ ਦਰ ਤੇ ਪਿਆ ਮਨੂਰ ਹਾਂ ਮੈਂ
ਜੇ ਤੂੰ ਚਾਹੇਂ ਤੇ ਕੰਚਨ ਬਣਾ ਸਕਣੈ
ਤੇਰੀਆਂ ਰਹਿਮਤਾਂ ਤੋਂ ਫਿਰ ਕਿਓਂ ਦੂਰ ਹਾਂ ਮੈਂ
ਮੰਜ਼ਿਲ ਹਾਲੇ ਭੀ ਨਜ਼ਰ ਨਾ ਆਂਵਦੀ ਏ
ਪੈਂਡਾ ਕਛਦਾ ਹੋ ਗਿਆ ਚੂਰ ਹਾਂ ਮੈਂ
ਮੈਨੂੰ ਡੂੰਘਿਆਂ ਲਹਿਣ ਦੀ ਜਾਚ ਨਾਹੀਂ
ਬੁਸੇ ਪਾਣੀ ਤੇ ਫੈਲਿਆ ਬੂਰ ਹਾਂ ਮੈਂ
ਮੈਂਨੂੰ ਵੇਖ ਕੇ ਕਾਲਖਾਂ ਡਰਦੀਆਂ ਨੇ
ਉਂਜ ਕਹਿਣ ਨੂੰ ਤੇ ਤੇਰਾ ਨੂਰ ਹਾਂ ਮੈਂ
ਮਨ ਹਰਦਮ ਟਪੂਸੀਆਂ ਮਾਰਦਾ ਏ
ਪਿਛਲੇ ਜਨਮ ਦਾ ਖਬਰੇ ਲੰਗੂਰ ਹਾਂ ਮੈਂ
ਲਿਸ਼ਕ ਪੁਸ਼ਕ ਵਧੀਆ ਚਮਕ ਦਮਕ ਸੁੰਦਰ
ਐਂ ਪਰ ਕੌਡੀਓਂ ਖੋਟਾ ਕੋਹਨੂਰ ਹਾਂ ਮੈਂ
ਫੂੰ ਫੂੰ ਕਰਨ 'ਚ ਮੇਰਾ ਮੁਕਾਬਲਾ ਨਹੀਂ
ਕੇਹੜੇ ਪਾਸੇ ਦਾ ਮੁਸ਼ਕ ਕਾਫੂਰ ਹਾਂ ਮੈਂ
ਗੱਲ ਗੱਲ ਚੋਂ ਅੱਗ ਦੀ ਲਾਟ ਨਿਕਲੇ
ਤਪਿਆ ਅੰਦਰੋਂ ਜਿਵੇਂ ਤੰਦੂਰ ਹਾਂ ਮੈਂ
ਸੰਤਾਂ ਸਾਧਾਂ ਦਾ ਅਸਰ ਕਬੂਲਿਆ ਨਹੀਂ
ਭਾਵੇਂ ਉਹਨਾਂ ਕੋਲ ਬੈਠਾ ਜ਼ਰੂਰ ਹਾਂ ਮੈਂ
ਸ਼ਕਲ ਮੋਮਨਾਂ ਦੀ ਕੰਮ ਕਾਫਰਾਂ ਦੇ
ਸਭੇ ਮਹਿਫਲਾਂ ਵਿਚ ਮਸ਼ਹੂਰ ਹਾਂ ਮੈਂ
ਨਾ ਮੈਂ ਛਾਂ ਦੇਵਾਂ ਨਾ ਮੈਂ ਫੁੱਲ ਦੇਵਾਂ
ਕਿਹਾ ਚੰਦਰਾ ਰੁਖ ਖਜੂਰ ਹਾਂ ਮੈਂ
ਅਾਰੋ ਮੇਰੀ ਮਿਠਾਸ ਨੂੰ ਕੀ ਹੋਇਆ
ਉਚੀ ਜਾਤ ਪਰ ਖੱਟਾ ਅੰਗੂਰ ਹਾਂ ਮੈਂ
ਵਿਸ਼ ਘੋਲਣੇ ਦੀ ਵਾਦੀ ਨਹੀਂ ਜਾਂਦੀ
ਵੇਖਣ ਚਾਖਣ ਨੂੰ ਤੇ ਲਡੂ ਚੂਰ ਹਾਂ ਮੈਂ
ਹੋ ਕੇ ਸਖਣਾ ਜਦੋਂ ਦਰਬਾਰ ਪੁੱਜਾ
ਰਬ ਪਾਸਿਓਂ ਹੋਇਆ ਭਰਪੂਰ ਹਾਂ ਮੈਂ
ਇਕ ਦਿਨ ਕੋਹੜੀ ਨੂੰ ਇਸ ਤਰ੍ਹਾਂ ਚੁਮ ਆ ਕੇ
ਮੈਨੂੰ ਲਗੇ ਕਿ ਖੁਦ ਹੀ ਹਜ਼ੂਰ ਹਾਂ ਮੈਂ

—ਅਸੀਸ, ਦੀ ਮਾਲ,
ਕਪੂਰਥਲਾ।

# ਦੋ ਗ਼ਜ਼ਲਾਂ

—ਡੀ. ਆਰ. ਧਵਨ

ਤੋਬਾ ਤੋਬਾ ਬੋਲ ਫਕੀਰਾ
ਸੱਚ ਦਾ ਸੌਦਾ ਤੋਲ ਫਕੀਰਾ
ਬੇਕਦਰਾਂ ਦੀ ਸੱਥ ਵਿੱਚ ਬਹਿ ਕੇ
ਮਨ ਦੀ ਗੰਢ ਨ ਖੋਲ੍ਹ ਫਕੀਰਾ
ਤੈਨੂੰ ਤੈਥੋਂ ਦੂਰ ਕਰੇ ਜੋ
ਬੈਠ ਨ ਉਸ ਦੇ ਕੋਲ ਫਕੀਰਾ
ਗੋਰੇ ਮੁਖੜੇ ਮਨ ਕਾਲੇ ਨੇ।
ਇਹ ਦੁਨੀਆਂ ਹੈ ਗੋਲ ਫਕੀਰਾ
ਰਾਹਬਰ ਨੇ ਜੋ, ਰਾਹਜ਼ਨ ਵੀ ਨੇ
ਸਾਂਭ ਕੇ ਬੈਠੀਂ ਝੋਲ ਫਕੀਰਾ
ਸੱਜਣ ਬਣ ਕੇ ਲੁਟਦੇ ਏਥੋਂ
ਜੋ ਵੀ ਹੋਵੇ ਕੋਲ ਫਕੀਰਾ।
ਪਥੱਰਾਂ ਨਾਲ ਸਵਾਗਤ ਹੋਸੀ।
ਏਥੇ ਸਚ ਨ ਬੋਲ ਫਕੀਰਾ।
ਔਖੇ ਵਕਤ ਪੁਕਾਰ ਸਜੱਣ ਨੂੰ।
ਹੋ ਨਾ ਡਾਵਾਂ ਡੋਲ ਫਕੀਰਾ।
ਵੇਖ ਚਾਖ ਕੇ ਸਾਥ ਬਣਾਈਂ।
ਤੂੰ ਤਾਂ ਹੈ ਅਣਭੋਲ ਫਕੀਰਾ।

—੨—

ਤੇਰੇ ਕਦਮਾਂ ਚ ਜ਼ਿੰਦਗੀ ਧਰ ਕੇ।
ਐਵੇ ਕਿਉਂ ਫਿਰ ਜੀਵਾਂ ਮਰ-ਮਰ ਕੇ।
ਮੈਂ ਸਵੇਰੇ ਦੀ ਹਾਥ ਪਾਈ ਹੈ,
ਕਿੰਨੀਆਂ ਰਾਤਾਂ ਦਾ ਸਾਹਮਣਾ ਕਰ ਕੇ।
ਨੇੜ ਤੇਰਾ ਨਸੀਬ ਹੋਇਆ ਹੈ,
ਸਾਰੇ ਜੱਗ ਦਾ ਮੁਕਾਬਲਾ ਕਰ ਕੇ।
ਰਾਜ਼ ਮੇਰੀ ਖੁਸ਼ੀ ਦਾ ਪੁਛਦੇ ਹੋ,
ਇਹ ਮਿਲੀ ਹੈ ਹਜ਼ਾਰ ਗਮ ਜਰ ਕੇ।
ਉਮਰ ਭਰ ਦਾ ਸਰੂਰ ਆ ਜਾਵੇ,
ਪਿਆਰ ਦਾ ਜਾਮ ਜੇ ਦਵੇ ਭਰ ਕੇ।
ਤੇਰਾ ਦੀਦਾਰ ਹੋ ਸਕੇ ਸਾਨੂੰ,
ਤੇਰੇ ਮੁਖ ਤੋਂ ਨਕਾਬ ਜੇ ਸਰਕੇ।
ਹੁਣ ਕਿਵੇਂ ਛੁਪ ਸਕੇਂਗਾ ਤੂੰ ਮੈਥੋਂ,
ਮੇਰੇ ਦਿਲਦਾਰ ਦਿਲ 'ਚ ਘਰ ਕਰਕੇ।

—ਸਰਮਸਤਪੁਰ, ਡਾਕ. ਬੱਲ (ਜਲੰਧਰ)



Sri Satguru Jagjit Singh Ji eLibrary NamdhariElibrary@gmail.com

Manufacturers of :
Solvent Extraction Plant
and Cattle Feed Plant Accessories

**Matharu Engineering Works**

Sultanpur Road,
Near Charbatti Chowk,
KAPURTHALA.
P.O. Box No. 64,
Phone : 2027
Partner-S. Swaran Singh Matharu



ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੂਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ।
ਫੋਨ : 59869



TRADE **OSTER KNIT** MARK

**Top in Fashion Craze Knit**

Manufacturers :
Gents Pullovers, Ladies Cardigon in
Pure Wool and Summer Garments
in Acryl Fabrics

**UDEY KNITWEARS**

Street No. 3, Jammu Colony,
LUDHIANA-3.
Hello : Off. 36349, 36338, Resi. 32449
Grams : "Udey Knitwears"



ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲਕੜੀ ਦੇ ਤਸੱਲੀ ਬਖ਼ਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕਿਟ,
ਅਕਿਹਰੀ ਪੁਲੀ, ਜਲੰਧਰ ।



ਅਪਨੀ ਕਿਰਪਾ ਧਾਰੀ
ਤਿਨਿ ਸਗਲੀ ਬਾਤ ਸਵਾਰੀ

Specialists in : 'A' Class Decoration for
Marriages Parties & Govt. Functions

**Namdhari Tent House**

53, Hamidia Road Near Alpana Talkies,
BHOPAL (M.P.)



ਡੱਬਲ ਬੈਡੱ, ਸੋਫਾ ਸੈਟ, ਡਾਈਨਿੰਗ ਸੈਟ, ਗੋਲ ਮੇਜ਼
ਅਤੇ ਹੋਰ ਫਰਨੀਚਰ ਦੇ ਸਮਾਨ ਵਾਸਤੇ
ਦਰਸ਼ਨ ਦਿਓ

**ਸੂਰਤ ਸਿੰਘ ਐਂਡ ਸਨਜ਼**

ਸਾਹਮਣੇ ਗੁਰੂ ਰਵੀਦਾਸ ਸਕੂਲ,
ਕਿਸ਼ਨਪੁਰਾ, ਜਲੰਧਰ-੧੪੪੦੦੪.





Sri Satguru Jagjit Singh Ji eLibrary NamdhariElibrary@gmail.com

# ਕੋਸ਼ ਸ਼ਬਦ

ਕੋਸ਼ ਅਨੁਸਾਰ ਸ਼ਬਦ ਦੇ ਅਰਥ, ਵਿਆਖਿਆ ।

## ਕਲਮਾ

ਕਲਮਾ ਅਰਬੀ ਸ਼ਬਦ ਹੈ । ਇਸ ਦੇ ਅਰਥ ਹਨ ਬੋਲ, ਬਚਨ, ਸ਼ਬਦ, ਕਲਾਮ ਦਾ ਇਕ ਹਿੱਸਾ । ਇਸ ਦਾ ਪਰਚਲਮ ਇਸਲਾਮ ਦੇ ਮੂਲ ਮੰਤ੍ਰ ਤੇ ਬੁਨਿਆਦੀ ਸਿਧਾਂਤ ਤੋਂ ਹੈ । ਇਸ ਦੇ ਪੂਰੇ ਸ਼ਬਦ ਹਨ : 'ਲਾ ਇਲ੍ਹਾ ਇਲ ਲੱਲ੍ਹਾ, ਮੁਹਮਦ ਰਸੂਲਿਲ੍ਹਾ,' ਸਿਵਾਏ ਇਕ ਪਰਮਾਤਮਾ ਦੇ ਹੋਰ ਕੋਈ ਪੂਜਣਯੋਗ ਨਹੀਂ ਅਤੇ ਮੁਹੰਮਦ ਉਸ ਪਰਮਾਤਮਾ ਦਾ ਰਸੂਲ ਹੈ ।

ਇਸ ਨੂੰ **ਕਲਮਾ ਸ਼ਹਾਦਤ** ਭੀ ਕਹਿੰਦੇ ਹਨ । ਪ੍ਰਭੂ ਦੀ ਏਕਤਾ ਤੇ ਮੁਹੰਮਦ ਸਾਹਿਬ ਦੀ ਰਸਾਲਤ ਪੁਰ ਕੁਰਾਨ ਸ਼ਰੀਫ਼ ਵਿਚ ਥਾਂ ਥਾਂ ਤੇ ਸੰਕੇਤ ਮਿਲਦੇ ਹਨ । ਅਰਬੀ ਭਾਸ਼ਾ ਵਿਚ ਇਸ ਦਾ ਸਹੀ ਉਚਾਰਨ ਕਲਿਮਾ ਹੈ ।

ਇਹੀ ਵਾਕ ਇਸਲਾਮ ਦਾ ਜੁਜ਼ਵਿਈਮਾਨ ਤੇ ਬੁਨਿਆਦੀ ਕਲਮਾ ਹੈ (ਵ. ਮੌਲਾਨਾ ਆਜ਼ਾਦ ਲਿਖਤ—ਤਰਜਮਾਨੁਲ ਕੁਰਾਨ ਪੰਨਾ, ੧੧੯) । ਪ੍ਰੋਫੈਸਰ ਫਿਲਪ ਹਿਤੀ ਨੇ ਆਪਣੀ ਜਗਤ ਪ੍ਰਸਿਧ ਪੁਸਤਕ 'ਤਾਰੀਖ਼ ਮਿੱਲਤਿ ਅਰਬੀ' ਵਿਚ ਇਸ ਨੂੰ ਇਸਲਾਮ ਦੇ ਪੰਜਾਂ ਸਿਧਾਂਤਾਂ ਵਿਚੋਂ ਪਹਿਲਾ ਸਿਧਾਂਤ ਮੰਨਿਆ ਹੈ । ਹਰ ਮੁਸਲਮਾਨ ਲਈ ਜ਼ਰੂਰੀ ਹੈ ਕਿ ਉਹ ਕਲਮੇ ਵਿਚ ਪੱਕਾ ਨਿਸਚਾ ਰਖਦਾ ਹੋਵੇ ।

—ਗੁਰਦਿਤ ਸਿੰਘ ਪਰੇਮੀ

## ਅਵਤਾਰਣ (ਨਾਟਕ)

ਸੰਤਾਂ ਤੇ ਸਾਈਂ ਲੋਕਾਂ ਨੇ ਅਕਾਲ ਪੁਰਖ ਨੂੰ ਇਕ ਅਭਿਨੇਤਾ ਮੰਨਿਆ ਹੈ ਜਿਸ ਦੇ ਹਾਵ ਭਾਵ ਸੰਸਾਰ ਦੇ ਸਮੁੱਚੇ ਕਾਰ-ਵਿਹਾਰ ਤੇ ਵਿਸ਼ਵ ਦੇ 'ਕਲੇ ਕਲੇ' ਦ੍ਰਿਸ਼ ਵਿਚੋਂ ਪ੍ਰਤੱਖ ਹੁੰਦੇ ਦਿਸਦੇ ਹਨ । ਨਾਟਕ ਵਿਚ ਅਭਿਨੇਤਾ ਉਸੇ ਤਰ੍ਹਾਂ ਰੰਗ-ਮੰਚ ਉੱਤੇ ਭੇਸ ਵਟਾ ਕੇ ਆਉਂਦਾ ਹੈ ਜਿਵੇਂ ਅਕਾਲ ਪੁਰਖ ਆਪਣੀ ਲੀਲਾ ਵਿਚ ਜਾਂ ਦੈਵੀ ਸੰਸਾਰ ਦਾ ਕੋਈ ਅਵਤਾਰ ਅਗਿਆਤ ਵਿਚੋਂ ਗਿਆਤ ਤੇ ਅਪ੍ਰਗਟ ਤੋਂ ਪ੍ਰਗਟ ਵਿਚ ਆ ਖਲੋਂਦਾ ਹੈ । ਇਸ ਨੂੰ ਨਾਟਕ ਵਿਚ ਅਵਤਾਰਣ ਆਖਦੇ ਹਨ ।

ਜਿਵੇਂ ਅਭਿਨੇਤਾ ਅਭਿਨੈ ਮਗਰੋਂ ਆਪਣੇ ਦੁਆਰਾ ਕੀਤੇ ਸਾਰੇ ਕਾਰਜਾਂ ਤੋਂ ਅਭਿੱਜ ਰਹਿੰਦਾ ਹੈ ਇਵੇਂ ਅਵਤਾਰ ਜਾਂ ਅਕਾਲ ਪੁਰਖ ਵੀ ਰੰਗ ਮੰਚ ਜਾਂ ਇਸ ਸੰਸਾਰ ਤੋਂ ਅਭਿੱਜ ਰਹਿੰਦਾ ਹੈ। ਇਸ ਵਿਚ ਵਿਚਰਦਾ ਹੋਇਆ ਉਹ ਇਸ ਵਿਚ ਖਚਿਤ ਨਹੀਂ ਹੁੰਦਾ । ਭਗਤ ਰਵਿਦਾਸ ਨੇ ਕਰਤਾਰ ਨੂੰ ਬਾਜੀਗਰ ਕਿਹਾ ਹੈ :

ਬਾਜੀਗਰ ਸਉ ਮੋਹਿ ਪ੍ਰੀਤਿ ਬਨਿਆਈ

—ਰਾਗ ਆਸਾ

ਭਗਤ ਕਬੀਰ ਆਖਦੇ ਹਨ

ਬਾਜੀਗਰੀ ਸੰਸਾਰ ਕਬੀਰਾ

—ਰਾਗ ਆਸਾ

—ਗੁਰਦੇਵ ਸਿੰਘ

## ਕਵੀ

ਸ਼ਬਦ 'ਕਵੀ' ਸੰਸਕ੍ਰਿਤ ਦੇ 'ਕਵ' ਧਾਤੂ ਦਾ ਵਿਉਤਪਤ ਸ਼ਬਦ ਹੈ । 'ਕਵ' ਦੇ ਅਰਥ ਹਨ ਕਾਵਿ ਰਚਨਾ ਕਰਨ ਵਾਲਾ, ਵਿਆਖਿਆਨ ਦੇਣ ਵਾਲਾ ਆਦਿ । ਕਵੀ ਦੇ ਇਹਨਾਂ ਤੋਂ ਇਲਾਵਾ ਹੋਰ ਵੀ ਅਰਥ ਹਨ ਜਿਵੇਂ ਬਾਲਮੀਕ, ਬ੍ਰਹਮ, ਪੰਡਤ ਵੇਦ ਆਦਿ । ਪਰ ਸਾਹਿਤ ਸੰਸਾਰ ਵਿਚ ਕਵੀ ਤੋਂ ਮੁਰਾਦ ਕਾਵਿ-ਰਚਨਾ ਕਰਨ ਵਾਲਾ ਹੀ ਹੈ । ਜੋ ਸ਼ਰੋਮਣੀ ਦਰਜੇ ਦਾ ਕਵੀ ਹੋਵੇ ਉਸ ਨੂੰ ਕਵੀਰਾਜ ਵੀ ਆਖਦੇ ਹਨ । ਵਾਲਮੀਕ, ਵਿਆਸ ਆਦਿ ਨੂੰ ਕਵੀਰਾਜ ਕਰਕੇ ਯਾਦ ਕੀਤਾ ਜਾਂਦਾ ਹੈ । ਸਿੱਖ ਜਗਤ ਵਿਚ ਭਾਈ ਗੁਰਦਾਸ, ਭਾਈ ਨੰਦ ਲਾਲ, ਭਾਈ ਸੰਤੋਖ ਸਿੰਘ ਵਰਗੇ ਪ੍ਰਸਿਧ ਕਵੀਆਂ ਨੂੰ ਕਵੀਰਾਜ ਦੇ ਨਾਂ ਨਾਲ ਸੱਦਦਾ ਹੈ । ਸ਼ਬਦ ਕਵੀਸ਼ਰ ਦੇ ਅਰਥ ਵੀ ਕਵੀਰਾਜ ਜਾਂ ਸ਼ਿਰੋਮਣੀ ਕਵੀ (ਕਵੀ+ਈਸ਼ਵਰ) ਹਨ ਪਰ ਆਮ ਪੰਜਾਬੀ ਪਾਠਕ ਜਾਂ ਸਰੋਤੇ ਲਈ ਕਵੀਸ਼ਰ ਸਾਧਾਰਣ ਪੱਧਰ ਦੀ ਕਵੀਸ਼ਰੀ ਕਰਨ ਵਾਲਾ ਜਾਂ ਗਮੰਤ੍ਰੀ ਹੈ ।

ਕਵੀ ਇਕ ਕਲਪਨਾਸ਼ੀਲ ਮਨ ਦਾ ਸੁਆਮੀ ਹੁੰਦਾ ਹੈ । ਉਹ ਵਿਚਾਰਾਂ, ਬਿੰਬਾਂ ਤੇ ਸੁਪਨਿਆਂ ਦੇ ਸੰਸਾਰ ਵਿਚ ਇਕੋ ਸਮੇਂ ਇਕਠਾ ਵਿਚਰਦਾ ਹੈ ।

ਕਵੀ ਇਕ ਚਿਤ੍ਰਕਾਰ ਵਾਂਗ ਸੂਖਮ ਦਰਸ਼ਕ ਤੇ ਸੁਗ੍ਰਾਹਕ ਹੁੰਦਾ ਹੈ । ਆਪਣੀ ਕਾਵਿ-ਰਚਨਾ ਨੂੰ ਚਮਤਕਾਰੀ ਬਣਾਉਣ ਲਈ ਉਹ ਸ਼ਬਦਾਂ ਦੀ ਚੋਣ ਤੇ ਉਹਨਾਂ ਦੀ ਅਰਥ-ਭਰਪੂਰਤਾ ਵੱਲ ਬੜਾ ਧਿਆਨ ਰਖਦਾ ਹੈ । ਕਵੀ ਦਾ ਆਖਿਆ ਸੱਚ ਭਾਵੇਂ ਵਿਗਿਆਨਕ ਸੱਚ ਨਾਲ ਮੇਲ ਨਾ ਵੀ ਖਾਵੇ ਪਰ ਹੁੰਦਾ ਇਹ ਵਿਆਪਕ ਤੇ ਸਰਬ-ਸ੍ਵੀਕ੍ਰਿਤ ਹੈ । ਉੱਤਮ ਕਵੀ ਸਦਾ ਕਾਵਿ-ਦੋਸ਼ਾਂ ਤੋਂ ਬਚਦਾ ਹੈ । ਉਹ ਮਨ, ਬਾਣੀ ਤੇ ਕਰਮ ਨੂੰ ਪਵਿੱਤਰ ਰਖਦਾ ਹੈ । ਇਹੀ ਪਵਿਤ੍ਰਤਾ ਉਹਦੀ ਹਰ ਰਚਨਾ ਵਿਚੋਂ ਝਲਕਦੀ ਹੈ ।

ਕਲਾਸਕੀ ਕਵੀ ਲਈ ਪਿੰਗਲ ਸ਼ਾਸਤ੍ਰ, ਛੰਦ ਸ਼ਾਸਤ੍ਰ ਤੇ ਰਸ ਸ਼ਾਸਤ੍ਰ ਆਦਿ ਦਾ ਗਿਆਨ ਜ਼ਰੂਰੀ ਸੀ, ਪਰ ਆਧੁਨਿਕ ਕਵੀ ਇਹਨਾਂ ਕਲਾਸਕੀ ਗੁਣਾਂ ਜਾਂ ਬੰਧਨਾਂ ਤੋਂ ਆਜ਼ਾਦ ਹੈ ।

—ਗੁਰਦੇਵ ਸਿੰਘ

(ਪੰਜਾਬੀ ਸਾਹਿਤ ਕੋਸ਼ ਵਿਚੋਂ)



Sri Satguru Jagjit Singh Ji eLibrary NamdhariElibrary@gmail.com

# ਸਾਹਿਤਕਾਰ-ਕਾਰ ਸਹਿਤ

ਗਲ ਕੋਈ ਚਾਰ ਮਹੀਨੇ ਪਹਿਲਾਂ ਤੋਂ ਤੁਰਦੀ ਹੈ। ਮੇਰੇ ਕੰਨੀ ਸੋਅ ਪਈ ਕਿ ਸ: ਹਰਵਿੰਦਰ ਸਿੰਘ ਹੰਸਪਾਲ ਐਮ. ਪੀ. ਸਾਹਿਬ ਪ੍ਰਸਿਧ ਕਵੀ ਸ: ਤਾਰਾ ਸਿੰਘ ਕਾਮਲ ਨੂੰ ਕਾਰ ਦੇ ਰਹੇ ਹਨ। ਮੈਂ ਦਿਲੀ ਗਿਆ ਤਾਂ ਕਿਤੋਂ ਕੁਝ ਪਤਾ ਨਾਂ ਲਗਾ। ਸਮਝਿਆ ਕਿ ਜੇ ਕਿਸੇ ਨੇ ਇਹ ਗਲ ਉਡਾਈ ਹੈ ਤਾਂ ਵਧੀਆ ਹੀ ਉਡਾਈ ਹੈ। ਫੇਰ ਹੰਸਪਾਲ ਜੀ ਨਾਲ ਗਲਬਾਤ ਕਰਦਿਆਂ ਇਸ 'ਅਫਵਾਹ' ਦਾ ਜ਼ਿਕਰ ਕੀਤਾ ਤਾਂ ਉਹਨਾਂ ਜ਼ਰਾ ਕੁ ਭੇਦ ਭਰੇ ਅੰਦਾਜ਼ ਵਿਚ ਕਿਹਾ, "ਅੱਛਾ ਤਾਂ ਤੁਹਾਨੂੰ ਇਸ ਗਲ ਦਾ ਪਤਾ ਲਗ ਗਿਆ ਹੈ।" ਹੰਸਪਾਲ ਜੀ ਦੇ 'ਅੰਦਾਜ਼ੇ ਬਿਆਂ' ਤੋਂ ਅਫਵਾਹ ਖਬਰ ਬਣ ਚੁੱਕੀ ਸੀ। ਹੰਸਪਾਲ ਜੀ ਵਿਚਲੇ ਨੀਤੀਵੇਤਾ ਨੇ ਇਹ ਪਤਾ ਨਾ ਲਗਣ ਦਿਤਾ ਕਿ ਕਾਰ ਹੰਸਪਾਲ ਜੀ ਖੁਦ ਦੇ ਰਹੇ ਨੇ ਨਾਮਧਾਰੀ ਦਰਬਾਰ ਦੇ ਰਿਹਾ ਹੈ, ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਦੇ ਰਹੀ ਹੈ ਜਾਂ ਕੋਈ ਹੋਰ। ਉਧਰੋਂ ਹੰਸਪਾਲ ਜੀ ਇਹ ਸਮਝਦੇ ਹੋਣਗੇ ਕਿ ਇਹਨਾਂ ਜੇ ਖਬਰ ਸੁਣ ਰਖੀ ਹੈ ਤਾਂ ਬਾਕੀ ਗਲ ਦਾ ਵੀ ਪਤਾ ਹੀ ਹੋਵੇਗਾ। ਕਰਨਾ ਰੱਬ ਦਾ ਉਸੇ ਵੇਲੇ ਉਹਨਾਂ ਨੂੰ ਇਕ ਫੋਨ ਆਇਆ। ਇਹ ਤਾਰਾ ਸਿੰਘ ਜੀ ਬੋਲ ਰਹੇ ਸਨ। ਹੰਸਪਾਲ ਜੀ ਨੇ ਗਲ ਕਰਦਿਆਂ ਮੇਰਾ ਜ਼ਿਕਰ ਵੀ ਕਰ ਦਿਤਾ ਤਾਂ ਕਾਮਲ ਸਾਹਿਬ ਨਾਲ ਸਿੱਧੀ ਗਲ ਹੋ ਗਈ। ਉਹ ਕਹਿਣ ਲਗੇ ਅਗਲੇ ਹਫਤੇ "ਮੈਨੂੰ ਕਾਰ ਭੇਟ ਹੋਣੀ ਹੈ। ਤੁਹਾਡੇ ਕੋਲੋਂ ਕਾਹਦਾ ਲੁਕਾ। ਆਪ ਹੀ ਪੈਸੇ ਕਠੇ ਕਰ ਕੁਰ ਕੇ ਪਰਬੰਧ ਕਰ ਲਿਆ ਹੈ ਤੁਸਾਂ ਦਰਸ਼ਨ ਜ਼ਰੂਰ ਦੇਣੇ ਸਬਬ ਨਾਲ ਆਏ ਹੋਏ ਹੋ।

ਮੈਂ ਇਹ ਸਮਾਗਮ ਭੁੱਗ ਨਾ ਸਕਿਆ। ਆਰਸੀ ਵਿਚ ਇਹਦੀ ਰਿਪੋਰਟ ਪੜ੍ਹੀ, ਗੁਰਬਚਨ ਦੀ ਲਿਖੀ ਹੋਈ। ਮੈਂ ਪੜ੍ਹ ਕੇ ਸੋਚਿਆ ਕਿ ਇਸ ਤੋਂ ਵਧੀਆ ਗਲ ਮੈਥੋਂ ਨਹੀਂ ਬਣ ਸਕਣੀ। ਇਹ ਸਾਰੀ ਰਿਪੋਰਟ ਆਰਸੀ ਵਿਚੋਂ ਲੈ ਕੇ ਹੂਬਹੂ ਵਰਿਆਮ ਵਿਚ ਛਾਪ ਦੇਨਾ ਹਾਂ। ਰਿਪੋਰਟ ਵਿਚ ਦਰਜ ਸੀ ਕਿ ਕਿਵੇਂ ਤਾਰਾ ਸਿੰਘ ਨੂੰ ਕਾਰ ਦੇਣ ਦੀ ਗਲ ਗਿਆਨੀ ਜ਼ੈਲ ਸਿੰਘ ਵਲੋਂ ਸ਼ੁਰੂ ਕੀਤੀ ਗਈ, ਕਿਵੇਂ ਮਾਇਆ ਇਕੱਤ੍ਰ ਹੋਈ ਤੇ ਬਾਕੀ ਥੁੜਦਾ ੪੦ ਕੁ ਹਜ਼ਾਰ ਹੰਸਪਾਲ ਜੀ ਨੇ ਕੋਲੋਂ ਪਾਇਆ। ਸਮਾਗਮ ਵੀ ਹੰਸਪਾਲ ਜੀ ਦੀ ਸਰਕਾਰੀ ਕੋਠੀ ਵਿਚ ਹੋਇਆ। ਬੀਮਾਰੀ ਕਾਰਨ ਗਿਆਨੀ ਜੀ ਤਾਂ ਨਾ ਆਏ ਪਰ ਰਾਜ ਸਭਾ ਦੀ ਉਪ ਚੇਅਰ ਪਰਸਨ ਸ੍ਰੀਮਤੀ ਨਜਮਾ ਹੈਪਤੁਲਾ ਨੇ ਪ੍ਰਧਾਨਗੀ ਕੀਤੀ। ਸਟੇਜ ਸਕੱਤਰੀ ਕੌਮੀ ਏਕਤਾ ਵਾਲੇ ਸ: ਰਾਜਿੰਦਰ ਸਿੰਘ ਭਾਟੀਆ ਨੇ ਕੀਤੀ... ਸਮਾਗਮ ਕਾਫੀ ਸੁਖਾਵੇਂ ਮਾਹੌਲ ਵਿਚ ਹੋਇਆ। ਦਿਲ ਖੋਹਲ ਕੇ ਹਸਣ ਦਾ ਸਮਾਂ ਮਿਲਿਆ। ਹਾਜ਼ਰ ਜੁਆਬੀ ਵਿਚ ਤਾਰਾ ਸਿੰਘ ਜੀ ਵੀ ਬੇਮਿਸਾਲ ਹਨ। ਗਲ ਕੁਝ ਇਵੇਂ ਦੀ ਹੁੰਦੀ ਗਈ ਕਿ ਕਾਮਲ ਸਾਹਿਬ ਨੇ ਪੈਦਲ ਮੰਗ ਮੰਗ ਕੇ ਸਾਈਕਲ ਖਰੀਦਿਆ, ਸਾਈਕਲ ਤੇ ਚੜ੍ਹ ਕੇ ਸਕੂਟਰ ਲਈ ਮਾਇਆ ਇਕੱਤਰ ਕੀਤੀ। ਸਕੂਟਰ ਤੇ ਚੜ੍ਹ ਕੇ ਕਾਰ ਦੀ ਉਗਰਾਹੀ ਕੀਤੀ ਤਾਂ ਕੀ ਕਾਰ ਤੇ ਚੜ੍ਹ ਕੇ ਪੈਟਰੋਲ ਲਈ ਪੈਸੇ ਇਕੱਠੇ ਕਰਨੇ ਕੋਈ ਮੁਸ਼ਕਲ ਗਲ ਹੋਵੇਗੀ।

ਤਾਰਾ ਸਿੰਘ ਕਾਮਲ ਮੇਰੇ ਦੋਸਤ ਹਨ, ਮਿਹਰਵਾਨ ਵੀ ਹਨ, ਚੰਗੇ ਕਵੀ ਹਨ, ਸਾਹਿਤ ਅਕਾਡਮੀ ਪੁਰਸਕਾਰ ਜੇਤੂ ਵੀ, ਅਸੀਂ ਇਕਠਿਆਂ ਥਾਈਲੈਂਡ ਦੀ ਯਾਤਰਾ ਵੀ ਕੀਤੀ ਸੀ, ਇਹਨਾਂ ਮੇਰਾ ਉਥੇ ਬਹੁਤ ਗੂੜਾ ਵੀ ਬੰਨਿਆ ਸੀ। ਇਹਨਾਂ ਨੂੰ ਕਾਰ ਮਿਲਣ ਦੀ ਮੈਨੂੰ ਜ਼ਾਤੀ ਖੁਸ਼ੀ ਵੀ ਹੋਈ ਏਸ ਵਾਸਤੇ ਉਹਨਾਂ ਬਾਰੇ ਲਿਖਣਾ ਮੇਰਾ ਫਰਜ਼ ਸੀ। ਆਰਸੀ ਵਾਲੀ ਰਿਪੋਰਟ ਵਧੀਆ ਸੀ। ਉਹ ਛਾਪਣੀ ਸੀ ਪਰ ਉਹ ਵਧੀਆ ਹੋਣ ਕਰਕੇ ਹੀ ਨਾ ਛੱਪ ਸਕੀ। ਕਿਉਂਕਿ ਉਹ ਪਰਚਾ ਮੇਜ਼ ਤੋਂ ਅਜਿਹਾ ਗਾਇਬ ਹੋਇਆ ਕਿ ਅਜ ਤਕ ਦੁਰਲਭ ਹੈ।

ਇਸ ਵਾਰ ਪਿਛਲੇ ਅੰਕ ਦਾ ਕੰਮ ਮੁਕਾ ਕੇ ਮਸਾਂ ਦਿਲੀ ਜਾ ਸਕਿਆ। ਪਹਿਲੀ ਜਿਹੜੀ ਕਨਸੋਅ ਸੁਣੀ, ਉਹ ਸੀ ਕਿ ਅਮਰ ਭਾਰਤੀ ਜੀ ਨੂੰ ਸਤਿਗੁਰੂ ਜੀ ਨੇ ਇਕ ਮਾਰੂਤੀ ਕਾਰ ਦਿਤੀ ਹੈ। ਮੈਂ ਕਿਹਾ ਤੁਹਾਨੂੰ ਭੁਲੇਖਾ ਲਗਾ ਹੈ ਉਹ ਤਾਰਾ ਸਿੰਘ ਕਾਮਲ ਨੂੰ ਕਾਰ ਮਿਲੀ ਸੀ। ਦਸਣ ਵਾਲਾ ਮੰਨ ਗਿਆ। ਪਰ ਹੌਲੀ ਹੌਲੀ ਇਹ ਗਲ ਪੱਕੀ ਹੋ ਹੀ ਗਈ ਕਿ ਭਾਰਤੀ ਜੀ ਨੂੰ ਸੱਚੀ-ਮੁੱਚੀਂ ਕਾਰ ਦੇ ਦਿਤੀ ਗਈ ਹੈ ਅਤੇ ਉਹਨਾਂ ਸਵੀਕਾਰ ਵੀ ਕਰ ਲਈ ਹੈ।

ਕਿਉਂਕਿ ਭਾਰਤੀ ਜੀ ਬੇ-ਕਾਰ ਤੋਂ ਬਾ-ਕਾਰ ਹੋ ਗਏ ਸਨ ਇਸ ਵਾਸਤੇ ਉਹਨਾਂ ਦਾ ਹੁਣ ਸਦਾ ਹੀ ਜਨਕਪੁਰੀ ਦੇ ਫਲੈਟ 'ਚੋਂ ਲਭ ਜਾਣਾ ਨਿਸਚਿਤ ਨਹੀਂ ਸੀ। ਇਸ ਵਾਸਤੇ ਵਧਾਈ ਦੇਣ ਲਈ ਉਹਨਾਂ ਨੂੰ ਸਵੇਰੇ ਸਵੇਰੇ ਹੀ ਫੜਨਾ ਸੀ। ਸ: ਦਇਆ ਸਿੰਘ ਜੀ ਨਾਮਧਾਰੀ ਮਾਰਬਲ ਵਾਲੇ ਸਵੇਰੇ ਸਾਢੇ ਪੰਜ ਵਜੇ ਹੀ ਕਾਰ ਲੈ ਕੇ ਮੈਨੂੰ 'ਚੱਕਣ' ਆ ਗਏ। ਰਾਹ ਵਿਚ ਠੇਕੇਦਾਰ ਗੁਰਬਚਨ ਸਿੰਘ ਜੀ ਨਾਲ ਰਾਜੌਰੀ ਗਾਰਡਨ ਪਾਰਕ ਵਿਚ ਸੈਰ ਕੀਤੀ ਤੇ ਫੇਰ ਅਸੀਂ ਜਨਕਪੁਰੀ ਗਏ। ਭਾਰਤੀ ਜੀ ਦੇ ਘਰ ਦਾ ਮੋੜ ਮੁੜਦਿਆਂ ਹੀ ਚਿੱਟੀ ਮਾਰੂਤੀ ਕਾਰ ਦੀ ਲਿਸ਼ਕ ਪਈ ਤਾਂ ਭਰੋਸਾ ਹੋ ਗਿਆ ਕਿ ਕਾਰ-ਮਾਲਕ ਘਰ ਵਿਚ ਹੀ ਹੈ। ਕਾਰ 'ਚੋਂ ਅਜੇ ਨਵੇਂ ਪਲਾਸਟਕ ਦੀ ਮੁਸ਼ਕ ਆ ਰਹੀ ਸੀ। ਭਾਰਤੀ ਜੀ ਨਾਲ ਹੋਏ ਵਾਰਤਾਲਾਪ ਅਤੇ ਹੋਰ ਸਰੋਤਾਂ ਤੋਂ ਇਕਠੀਆਂ ਕੀਤੀਆਂ


Sri Satguru Jagjit Singh Ji eLibrary NamdhariElibrary@gmail.com

ਸੂਚਨਾਵਾਂ ਦੇ ਆਧਾਰ ਤੇ ਖ਼ਬਰ ਇਵੇਂ ਬਣਦੀ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਅਾਸਟਰੇਲੀਆ ਜਾਣ ਤੋਂ ਪਹਿਲਾਂ ਕੁਝ ਦਿਨ ਦਿਲੀ ਵਿਚ ਸਨ। ਮੰਗਲਵਾਰ ੨ ਜੁਲਾਈ ੧੯੯੧ ਦਿਨ ਦੇ ਗਿਆਰਾਂ ਕੁ ਵਜੇ ਸ: ਹਰਵਿੰਦਰ ਸਿੰਘ ਹੰਸਪਾਲ ਐਮ. ਪੀ. ਦੇ ਨਿਵਾਸ ਅਸਥਾਨ ਰਾਜੌਰੀ ਗਾਰਡਨ ਵਿਖੇ ਸੰਖੇਪ ਜਿਹੀ 'ਕਾਰ ਬਖਸ਼ਿਸ਼' ਰਸਮ ਹੋਈ। ਕਾਰ ਦੇ ਡਰਾਈਵਰ ਦੀ ਢੂੰਢ ਭਾਲ ਵਿਚ ਸਮਾਂ ਲਗ ਗਿਆ ਇਸ ਵਾਸਤੇ ਹੰਸਪਾਲ ਜੀ ਤਾਂ ਜ਼ਰੂਰੀ ਮੀਟਿੰਗ ਤੇ ਚਲੇ ਗਏ ਪਰ ਕਾਰ ਦੀਆਂ ਚਾਬੀਆਂ ਸਤਿਗੁਰਾਂ ਕੋਲ ਰੱਖ ਲਈਆਂ। ਸਤਿਗੁਰੂ ਜੀ ਬਚਨ ਕੀਤਾ ਕਿ 'ਭਾਰਤੀ ਹੋਰੀਂ ਡਰਾਈਵਰ ਸਮੇਤ ਕਾਰ ਚਾਹੁੰਦੇ ਨੇ ਇਸ ਲਈ ਡਰਾਈਵਰ ਦੇ ਬੰਦੋਬਸਤ ਵਿਚ ਹਾਂ।'

ਆਖਰ ਸ: ਦਇਆ ਸਿੰਘ ਜੀ ਦੇ ਡਰਾਈਵਰ ਨੂੰ ਸੱਦ ਕੇ ਸਤਿਗੁਰਾਂ ਕੁਝ ਹੁਕਮ ਕੀਤਾ ਤੇ ਭਾਰਤੀ ਜੀ ਨੂੰ ਮੁਖਾਤਬ ਹੋ ਕੇ ਬਚਨ ਕੀਤਾ, "ਇਹ ਕਾਕਾ ਜਰਨੈਲ ਸਿੰਘ ਤੁਹਾਡੀ ਕਾਰ ਵੀ ਚਲਾਏਗਾ ਤੇ ਲੰਗਰ ਵੀ ਬਣਾਇਆ ਕਰੇਗਾ।"

ਭਾਰਤੀ ਜੀ ਨੇ ਸਾਨੂੰ ਬਾਕੀ ਗਲ ਇਵੇਂ ਦਸੀ।

"ਸਤਿਗੁਰੂ ਜੀ ਵੇਹੜੇ ਵਿਚ ਖੜ੍ਹੀ ਕਾਰ ਕੋਲ ਗਏ। ਬੋਲੇ 'ਹੰਸਪਾਲ ਜੀ ਤਾਂ ਹੈਣ ਨਹੀਂ, ਮੈਨੂੰ ਪਤਾ ਨਹੀਂ ਕੀ ਕਰਨਾ ਏ'। ਮੈਂ ਅਰਜ਼ ਕੀਤੀ, 'ਜੋ ਕਰ ਦਿਓਗੇ ਓਹੀ ਵਿਧਾਨ ਹੋਵੇਗਾ'।

ਹੱਸ ਕੇ ਸਾਰਿਆਂ ਵਲ ਮੁਖਾਤਿਬ ਹੁੰਦਿਆਂ ਕਿਹੋ ਨੇ, 'ਭਾਰਤੀ ਹੁਰਾਂ ਦੀ ਗੱਲ ਧਿਆਨ ਵਿਚ ਰਖਿਓ'।

ਫਿਰ ਕਾਰ ਦੇ ਖੱਬੇ ਪਾਸੇ ਵਾਲੇ ਦਰਵਾਜ਼ੇ ਨੂੰ ਚਾਬੀ ਲਗਾ ਕੇ ਉਸਨੂੰ ਖੋਹਲਿਆ...। ਮੁੜ ਸੱਜੇ ਪਾਸੇ ਦੇ ਦਰਵਾਜ਼ੇ ਵੱਲ ਗਏ ਤੇ ਚਾਬੀ ਲਗਾਈ। ਮੈਂ ਨਾਲ ਨਾਲ ਹੀ ਸਾਂ। ਚਾਬੀ ਲਗਾਉਂਦਿਆਂ ਮੈਂ ਅਰਜ਼ ਕੀਤੀ, "ਜੀ ਇਸ ਨੂੰ ਚਲਦੀ ਕਰ ਦਿਓ ਸਾਰਥੀ ਬਣ ਕੇ। ਆਪ ਡਰਾਈਵਰ ਵਾਲੀ ਸੀਟ ਉਪਰ ਬਹਿ ਗਏ। ਕਾਰ ਸਟਾਰਟ ਕਰ ਕੇ ਇਕ ਕਦਮ ਅਗਾਂਹ ਵਧਾਈ ਤੇ ਬੰਦ ਕਰਕੇ ਬਾਹਰ ਨਿਕਲ ਆਏ। ਜਰਨੈਲ ਸਿੰਘ ਨੂੰ ਕੋਲ ਸੱਦ ਕੇ ਮੇਰੇ ਨਾਲ ਖਲਿਆਰਿਆ ਤੇ ਆਪ ਸਨਮੁਖ ਮੁਦ੍ਰਾ ਵਿਚ ਚਾਬੀ ਹੱਥ ਵਿਚ ਲੈ ਕੇ ਮੇਰੇ ਵਲ ਕੀਤੀ। ਕਵੀ ਜੀ ਸਮੇਤ ੧੫-੨੦ ਸਿਖ ਸੇਵਕ ਉਸ ਵੇਲੇ ਓਥੇ ਹਾਜ਼ਰ ਸਨ। ਚਾਬੀ ਦੇ ਕੇ ਆਪ ਨੇ ਮੈਨੂੰ ਹੱਸ ਕੇ ਕਿਹਾ, 'ਵਧਾਈ ਮੈਨੂੰ' ਮੈਂ ਵੀ ਹੱਸ ਕੇ ਕਿਹਾ'ਆਪ ਨੂੰ ਹੀ,'ਫਿਰ ਹਸ ਕੇ ਕਿਹਾ —'ਲਾਂਗਰੀ ਤਾਂ ਤੁਹਾਨੂੰ ਮਿਲ ਗਿਆ ਏ ਪਰ ਅੱਜ ਦਾ ਦਿਨ ਪਰਸ਼ਾਦਾ ਏਥੋਂ ਹੀ ਛੱਕ ਕੇ ਜਾਣਾ'।

ਅਗਲੇ ਦਿਨ ਇਕ ਹੋਰ ਲੜਕੇ ਬਲੀ ਸਿੰਘ ਨੂੰ ਮਿਲਾਉਂਦਿਆਂ ਹੋਇਆਂ ਫੁਰਮਾਇਆ ਸੀ, ਇਹ ਕਾਕਾ ਤੁਹਾਡਾ ਲੰਗਰ ਵੀ ਬਣਾਏਗਾ, ਕਾਰ ਚਲਾਉਣੀ ਵੀ ਸਿਖੇਗਾ ਜਰਨੈਲ ਕੋਲੋਂ ਤੇ ਸੇਵਾ ਵੀ ਕਰੇਗਾ। ਦੋਹਾਂ ਨੂੰ ਹੀ ਲੈ ਜਾਓ..."

ਭਾਰਤੀ ਜੀ ਨੂੰ ਕਾਰ ਚਾਲਕ ਡਰਾਈਵਰ ਅਤੇ ਪਟਰੌਲ ਵੀ ਗੁਰੂ ਘਰੋਂ ਹੀ ਮਿਲਿਆ ਹੈ ਉਹ ਬੜੇ ਚਿਰ ਤੋਂ ਆਪਣਾ ਲੰਗਰ ਆਪ ਹੀ ਪਕਾਉਂਦੇ ਰਹੇ ਹਨ ਹੁਣ ਉਹਨਾਂ ਨੂੰ ਇਕ ਨੌਜਵਾਨ ਲਾਂਗਰੀ ਵੀ ਮਿਲ ਗਿਆ ਹੈ। ਇਕ ਉਹਨਾਂ ਦਾ ਪਹਿਲਾ ਨੌਕਰ ਵੀ ਹੈ। ਇਸ ਤਰਾਂ ਇਸ ਦਰਵੇਸ਼ ਸਾਹਿਤ-ਕਾਰ ਦੀ ਕੁੱਟੀਆ ਹੁਣ ਵਸਦਾ ਰਸਦਾ ਘਰ ਬਣ ਗਿਆ ਹੈ।

ਭਾਰਤੀ ਜੀ ਨੂੰ ਕਾਰ ਮਿਲਣ ਦੀ ਹਾਰਦਿਕ ਪ੍ਰਸੰਨਤਾ ਹੋਈ ਤੇ ਐਉਂ ਲਗਾ ਜਿਵੇਂ ਇਹ ਕਾਰ ਮੈਨੂੰ ਮਿਲੀ ਹੈ। ਮੈਂ ਵਧਾਈ ਦੇ ਸ਼ਬਦ ਵੀ ਇਹੀ ਵਰਤੇ ਕਿ ਅਸੀਂ ਬੇਕਾਰ ਤੋਂ ਬਾਕਾਰ ਹੋ ਗਏ ਹਾਂ। ਭਾਰਤੀ ਜੀ ਨੇ ਇਸ ਦਾ ਜਵਾਬੀ ਹੁੰਗਾਰਾ ਹੀ ਨਹੀਂ ਭਰਿਆ ਸਗੋਂ ਅਗੋਂ ਮੇਰੀ ਦਿੱਲੀ ਯਾਤਰਾ ਇਸੇ ਕਾਰ ਵਿਚ ਹੀ ਕਰਵਾਈ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਮਿਹਮਾ ਅਪਰੰਪਾਰ ਹੈ। ਉਹਨਾਂ ਕਈਆਂ ਤੇ ਬਖਸ਼ਸ਼ਾਂ ਕੀਤੀਆਂ ਹਨ। ਕਈਆਂ ਨੂੰ ਧਨ ਧਾਮ ਜ਼ਮੀਨਾਂ,ਮਕਾਨ,ਕਾਰਾਂ,ਘੋੜੀਆਂ,ਗਾਵਾਂ,ਟਰੈਕਟਰਾਂ ਅਤੇ ਹੋਰ ਬਖਸ਼ਸ਼ਾਂ ਨਾਲ ਨਿਵਾਜਿਆ ਹੋਇਆ ਹੈ। ਅਨੇਕਾਂ ਦੇ ਡਾਕਟਰੀ ਇਲਾਜਾਂ ਤੇ ਲਖਾਂ ਖਰਚ ਕੀਤੇ ਹਨ। ਇਸ ਵਾਸਤੇ ਕਿਸੇ ਨੂੰ ਇਕ ਕਾਰ ਦੇ ਦੇਣੀ ਉਹਨਾਂ ਵਾਸਤੇ ਕੋਈ ਵਡੀ ਗਲ ਨਹੀਂ।

ਭਾਰਤੀ ਜੀ ਵੀ ਫਕਰ ਤਬੀਅਤ ਅਤੇ ਆਜ਼ਾਦ ਤਬਾਅ ਲੇਖਕ ਹਨ। ਥੋਹੜੀ ਕੀਤਿਆਂ ਉਹ ਕਿਸੇ ਪਦਾਰਥਕ ਲਾਲਚ ਵਿਚ ਨਹੀਂ ਆਉਂਦੇ। ਮੇਰੇ ਗਿਆਨ ਵਿਚ ਐਸੀਆਂ ਗਲਾਂ ਹਨ ਜਦੋਂ ਉਹਨਾਂ ਤਗੜੀ ਮਾਇਆ ਦੀ ਪੇਸ਼ਕਸ਼ ਨੂੰ ਠੁਕਰਾਇਆ ਹੈ।

ਉਹਨਾਂ ਦੇ ਮਨ ਦੀ ਸ਼ਾਂਤੀ ਅਤੇ ਲੇਖਣੀ ਦੀ ਆਜ਼ਾਦੀ ਵਿਚ ਕੋਈ ਚੀਜ਼ ਉਲ਼ਝਣ ਬਣੀ ਤਾਂ ਉਹਨਾਂ ਕਬੂਲ ਨਹੀਂ ਕੀਤੀ। ਜੇ ਚੀਜ਼ ਦੀ ਲੋੜ ਨਹੀਂ ਤਾਂ ਉਹ ਵੀ ਨਹੀਂ ਸਵੀਕਾਰੀ।

ਜਦੋਂ ਹੰਸਪਾਲ ਜੀ ਵਲੋਂ ਉਹਨਾਂ ਨਾਲ ਗਲ ਬਾਤ ਹੋਈ ਤਾਂ ਉਹਨਾਂ ਮਾਇਆ ਦੀ ਲੋੜ ਵੀ ਨਾ ਕਹੀ। ਕਾਰ ਬਾਰੇ ਕਿਹਾ ਕਿ "ਮੈਂ ਕੀ ਕਰਨੀ ਹੈ ਮੈਂ ਤਾ ਚਲਾਉਣੀ ਨਹੀਂ"।

ਪਰ ਓਧਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹਨ। ਜਦੋਂ ਉਹ ਕਿਸੇ ਨੂੰ ਦੇਣ ਤੇ ਆਉਣ ਤਾਂ ਕੋਈ ਹੱਦ ਬੰਨਾ,



Sri Satguru Jagjit Singh Ji eLibrary NamdhariElibrary@gmail.com

ਹੀਲਾ ਨਹੀਂ ਰਹਿਣ ਦਿੰਦੇ । ਭਾਰਤੀ ਜੀ ਦਾ ਕੋਈ ਉਜਰ ਨਾ ਰਹਿਣ ਦਿਤਾ ।

ਮਹਾਨ ਲੇਖਕ ਦੇ ਸੁਖ ਆਰਾਮ ਦਾ ਪੂਰਾ ਪਰਬੰਧ ਉਹਨਾ ਕਰ ਦਿਤਾ ਹੈ । ਇਕ ਵਾਰ ਮੈਂ ਸ੍ਰੀ ਚਰਨਾਂ ਵਿਚ ਬੇਨਤੀ ਕੀਤੀ ਕਿ ਭਾਰਤੀ ਜੀ ਕੋਲ ਕੋਈ ਸੇਵਕ ਹੋਣਾ ਚਾਹੀਦੇ,ਲੰਗਰ ਪਕਾਉਣ ਆਦਿ ਕਾਰਜਾਂ ਲਈ। ਕਹਿਣ ਲੱਗੇ ਤੂੰ ਬੰਦਾ ਵੇਖ ਸਾਰਾ ਖਰਚ ਮੈਂ ਦੇਵਾਂਗਾ । ਬੰਦਾ ਐਸਾ ਹੋਵੇ ਜੋ ਉਹਨਾਂ ਦੇ ਸਾਹਿਤਕ ਗੁਣਾਂ ਨਾਲ ਸਾਂਝ ਤੇ ਸੁਆਦ ਰਖਦਾ ਹੋਵੇ । ਮੈਨੂੰ ਤਾਂ ਅਜੇ ਉਹ ਬੰਦਾ ਲਭਾ ਨਾ ਪਰ ਸਤਿਗੁਰੂ ਜੀ ਨੇ ਉਸ ਤੋਂ ਕਿਤੇ ਵੱਧ ਗਲ ਕਰ ਦਿਤੀ ਹੈ । ਇਹ ਖਾਲਸ ਗੁਰੂ ਅਤੇ ਸਿਖ ਦੀ ਮਨ ਅੰਤਰ ਦੀ ਪ੍ਰੀਤ ਦੀਆਂ ਤੰਦਾਂ ਦੀ ਗਲ ਹੈ । ਦੇਣ ਵਾਲੇ ਕੋਲ ਅਥਾਹ ਸ਼ਕਤੀ ਹੈ ਲੈਣ ਵਾਲੇ ਨੂੰ ਲੋੜ ਨਹੀਂ ਪਰ ਲੈਣ ਤੇ ਦੇਣ ਦਾ ਇਕ ਅੰਦਾਜ਼ ਹੈ ਇਹ ਸਾਰਾ ਕੁਝ ਪ੍ਰੀਤ ਦਾ ਹੀ ਪ੍ਰਤੀਬਿੰਬ ਹੈ ।

ਭਾਰਤੀ ਜੀ ਨੇ ਨਾ ਤਾਂ ਸਾਹਿਤ ਅਕੈਡਮੀ ਤੋਂ ਅਨੁਵਾਦ ਦਾ ਐਵਾਰਡ ਲੈਣ ਵਾਸਤੇ ਅਤੇ ਨਾ ਹੀ ਕਾਰ ਲੈਣ ਵਾਸਤੇ ਕੋਈ ਤਰੱਦਦ ਕੀਤਾ ਹੈ ਸਭ ਚੀਜ਼ਾ ਘਰੋਂ ਬੁਲਾ ਕੇ ਦਿਤਿਆਂ ਗਈਆਂ ਹਨ ।

ਭਾਰਤੀ ਜੀ ਨੂੰ ਦਿਤੀ ਕਾਰ ਕੇਵਲ ਇਹ ਗਲ ਹੀ ਦਸਦੀ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਿਰਦੇ ਵਿਚ ਉਹਨਾਂ ਲਈ ਕਿੰਨੀ ਥਾਂ ਹੈ । ਪਹਿਲਾਂ ਸਾਡੇ ਬਜ਼ੁਰਗ ਮਿਤਰ ਸ੍ਰੀ ਪ੍ਰੀਤਮ ਸਿੰਘ ਕਵੀ ਜੀ ਨੂੰ ਸ਼ਾਨਦਾਰ ਮਕਾਨ ਉਸਾਰ ਕੇ ਦਿਤਾ ਹੁਣ ਦੂਸਰੇ ਮਿਤਰ ਭਾਰਤੀ ਜੀ ਨੂੰ ਕਾਰ ਬਖਸ਼ਿਸ਼ ਕੀਤੀ ਹੈ ।

ਭਾਰਤੀ ਜੀ ਨੂੰ ਕੀਤੀ ਬਖਸ਼ਿਸ਼ ਇਹ ਦਰਸਾਉਂਦੀ ਹੈ ਕਿ ਤੁਸੀਂ ਸਬਰ ਸੰਤੋਖ ਅਤੇ ਈਮਾਨਦਾਰੀ ਨਾਲ ਆਪਣਾ ਕੰਮ ਕਰੀ ਜਾਵੋ ਕਦੇ ਤਾਂ ਘਾਲ ਥਾਂਇ ਪੈਂਦੀ ਹੈ ।

ਅਸੀਂ ਇਹਨਾਂ ਸਤਰਾਂ ਰਾਹੀਂ ਆਪਣੇ ਮਿਤਰਾਂ ਲਈ ਅਰਦਾਸ ਕਰਦੇ ਹਾਂ ਕਿ ਉਹਨਾਂ ਦੀਆਂ ਕਾਰਾਂ ਸੁੱਖ ਹੰਡਾਉਣੀਆਂ ਹੋਣ । ਅਸੀਂ ਇਹ ਵੀ ਅਰਦਾਸ ਕਵੀ ਜੀ ਦੇ ਮਕਾਨ ਵਾਸਤੇ ਵੀ ਕਰਦੇ ਹਾਂ । ਕਵੀ ਜੀ ਨੂੰ ਜ਼ਬਾਨੀ ਤੇ ਪਤਰ ਰਾਹੀਂ ਵਧਾਈ ਤਾਂ ਅਰਪਿਤ ਕੀਤੀ ਸੀ ਪਰ ਇਹਨਾਂ ਕਾਲਮਾਂ ਵਿਚ ਨਹੀਂ । ਇਹ ਵੱਡੀ ਉਕਾਈ ਸੀ ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਦੀ ਖੁਸ਼ਬੋਈ ਚਾਰੇ ਪਾਸੇ ਫੈਲੀ ਹੋਈ ਹੈ ਅਤੇ ਇਸ ਵਿਚ ਕੀਤੇ ਸ: ਹਰਵਿੰਦਰ ਸਿੰਘ ਹੰਸਪਾਲ ਜੀ ਦੇ ਜਤਨਾਂ ਅਤੇ ਘਾਲਣਾ ਦੀ ਵੀ ਮਹਿਕ ਆ ਰਹੀ ਹੈ ।

—ਜਗਦੀਸ਼ ਸਿੰਘ

DO YOU WANT ATTRACTIVE PRINTING :

**For Letter Pads, Bill Books, Cash Memos, Receipts, Visiting Cards, Rate Lists, Forms, Marriage Card & Titles of Books & Magazines Etc.**

Then kindly contact please :

# NAMDHARI PRINTERS
## (WARIAM PRESS)

**Ladowali Road, Opp. Jalandhar Ex-Servicemen Transport,**
**JALANDHAR-14400**



Sri Satguru Jagjit Singh Ji eLibrary NamdhariElibrary@gmail.com

# "ਬੀਤੇ ਦੀਆਂ ਪੈੜਾਂ" ਦੀਆਂ ਨਵੀਆਂ ਪੈੜਾਂ

—ਪ੍ਰੋ. ਪਿਆਰਾ ਸਿੰਘ ਭੋਗਲ

ਇਸ ਕਿਸਮ ਦੀ ਪੁਸਤਕ ਪਹਿਲਾਂ ਕਦੀ ਨਹੀ ਪੜ੍ਹੀ । ਇਹ ਜਨਮ ਸਾਖੀ ਵੀ ਹੈ, ਤਾਰੀਖਵਾਰ ਘਟਨਾਵਾਂ ਅੰਕਤ ਕਰਨ ਵਾਲਾ ਰੋਜ਼ਨਾਮਚਾ ਵੀ ਅਤੇ ਇਕ ਸੰਪਰਦਾ ਨਾਲ ਸੰਬੰਧਤ ਥਾਂ-ਥਾਂ ਵਸੇ ਪਰਿਵਾਰਾਂ ਦੀ ਜਾਣ-ਪਛਾਣ ਵੀ । ਪਹਿਲੀ ਘਟਨਾ ਪਹਿਲੀ ਜਨਵਰੀ ੧੯੭੮ ਦੀ ਹੈ, ਤੇ ਆਖਰੀ ਘਟਨਾ ੩੦ ਜੂਨ ੧੯੭੮ ਦੀ । ਇਉ ਇਹ ਸਿਰਫ ਛੇ ਮਹੀਨਿਆਂ ਵਿਚ ਵਾਪਰੀਆਂ ਘਟਨਾਵਾਂ ਅਤੇ ਇਨ੍ਹਾਂ ਘਟਨਾਵਾਂ ਨਾਲ ਸੰਬੰਧਤ ਵਿੱਅਕਤੀਆਂ ਦੀ ਜਾਣ-ਪਛਾਣ ਪੇਸ਼ ਕਰਦੀ ਹੈ, ਪਰ ਸਾਹਮਣੇ ਆਉਂਦੇ ਵਿੱਅਕਤੀ ਪਹਿਲੀਆਂ ਵਾਪਰ ਚੁਕੀਆਂ ਘਟਨਾਵਾਂ ਵੀ ਸੁਣਾਉਂਦੇ ਹਨ, ਜਿਨ੍ਹਾਂ ਨਾਲ ਇਹ ਪੁਰਾਣਾ ਇਤਿਹਾਸ ਵੀ ਪੇਸ਼ ਕਰ ਜਾਂਦੀ ਹੈ । ਇਹ ਪੁਸਤਕ ਅੱਜ ਦੇ ਮਨੁੱਖ ਦੀ ਇਸ ਜਿਗਿਆਸਾ ਵਿਚੋਂ ਜਨਮੀ ਹੈ ਕਿ ਕੋਈ-ਕੋਈ ਘਟਨਾ ਹੀ ਅੰਕਤ ਕਰਨ ਦੇ ਯੋਗ ਨਹੀ ਹੁੰਦੀ, ਜਿਵੇਂ ਪੁਰਾਣੇ ਇਤਿਹਾਸ ਤੇ ਪੁਰਾਣੀਆ ਜਨਮ ਸਾਖੀਆਂ ਵਿੱਚ ਹੁੰਦਾ ਸੀ । ਸਗੋਂ ਹਰ ਘਟਨਾ ਜਾਂ ਨਿਤ-ਵਾਪਰਦੀਆਂ ਘਟਨਾਵਾਂ ਵਿਚੋਂ ਬਹੁਤੀਆ ਘਟਨਾਵਾਂ ਸੰਭਾਲਣ-ਦੱਸਣ ਯੋਗ ਹੁੰਦੀਆਂ ਹਨ ਅਤੇ, ਮਹਾਂਪੁਰਖਾਂ ਦੇ ਜੀਵਨ-ਸਮਾਚਾਰ ਹੀ ਨਾਂ ਲਿਖੇ ਜਾਣ, ਉਨਾਂ ਦੇ ਸੰਪਰਕ ਵਿਚ ਆਉਣ ਵਾਲੇ ਆਮ ਵਿਅਕਤੀਆਂ ਦੇ ਚਰਿਤਰ ਅਤੇ ਜੀਵਨ-ਸਮਾਚਾਰ ਵੀ ਲਿਖੇ ਜਾਣੇ ਚਾਹੀਦੇ ਹਨ । ਇਹ ਪੁਸਤਕ ਪੰਜਾਬੀ ਦੇ ਹੋਰ ਲੇਖਕਾਂ ਲਈ ਦਿਸ਼ਾ-ਸੂਚਕ ਹੈ ਕਿ ਉਨ੍ਹਾਂ ਦੇ ਆਲੇ ਦੁਆਲੇ ਵੀ ਬਹੁਤ ਕੁਝ ਲਿਖਣ ਵਾਲਾ ਅਣ-ਲਿਖਿਆ ਰਹਿ ਰਿਹਾ ਹੈ, ਜਿਸਨੂੰ ਜੇ ਉਹ ਲਿਖੀ ਜਾਣ, ਤਾਂ ਉਨ੍ਹਾਂ ਨੂੰ ਪੜ੍ਹਨ ਵਾਲੇ ਪਾਠਕ ਵੀ ਜਰੂਰ ਮਿਲਣਗੇ ।

ਇਸ ਪੁਸਤਕ ਦੇ ਲੇਖਕ ਸ੍ਰੀ ਪ੍ਰੀਤਮ ਸਿੰਘ ਕਵੀ ਕਦੇ ਅਵਾਮੀ ਪ੍ਰਿੰਟਿੰਗ ਪ੍ਰੈਸ ਜਲੰਧਰ ਦੇ ਮੈਨੇਜਰ ਹੁੰਦੇ ਸਨ । ਉਦੋਂ ਵੀ ਉਹ ਆਪਣੇ ਕੰਮ ਦੇ ਵਿਸ਼ੇਸ਼ਗ, ਮਿੱਠ-ਬੋਲੜੇ, ਹਰ ਆਏ ਗਏ ਨਾਲ ਹੱਸਕੇ ਗਲ ਕਰਨ ਵਾਲੇ ਨਾਮਧਾਰੀ-ਕਮਿਊਨਿਸਟ ਹੁੰਦੇ ਸਨ । ਫੇਰ ਉਨ੍ਹਾਂ ਨੇ ਸ਼ਾਇਦ ਸੋਚਿਆ, ਮੈ ਇਸ ਨਾਲੋਂ ਵਧੇਰੇ ਕਰਨ-ਯੋਗ ਕੰਮ ਕਰ ਸਕਦਾ ਹਾਂ । ਉਹ ਆਪਣੇ ਧਾਰਮਕ-ਗੁਰੂ ਸ੍ਰੀ ਜਗਜੀਤ ਸਿੰਘ ਜੀ ਪਾਸ ਚਲੇ ਗਏ । ਉਨ੍ਹਾਂ ਦੀਆਂ ਗਤੀ-ਵਿਧੀਆਂ ਨੇੜਿਉਂ ਦੇਖਣ, ਸੁਣਨ ਅਤੇ ਲਿਖਣ ਲਗ ਪਏ । ਉਨਾਂ ਦੀ ਇਸ ਪਹਿਲਕਦਮੀ ਦੇ ਉਦਮ ਦਾ ਫਲ ਦੋ ਪੁਸਤਕਾਂ ਨਿਕਲੀਆਂ-ਬੀਤੇ ਦੀਆਂ ਪੈੜਾਂ-ਭਾਗ ਪਹਿਲਾ ਅਤੇ ਬੀਤੇ ਦੀਆਂ ਪੈੜਾਂ-ਭਾਗ ਦੂਜਾ । ਅਸੀ ਦੂਜਾ ਭਾਗ ਪੜ੍ਹਿਆ ਹੈ । ਅਸਲ ਵਿੱਚ "ਪੈੜਾਂ" ਸਾਡੇ ਮਿਤਰ ਸ. ਜਗਦੀਸ਼ ਸਿੰਘ ਵਰਿਆਮ ਦੇ ਮਾਸਕ ਪੱਤਰ "ਵਰਿਆਮ" ਵਿਚ ਮਹੀਨੇ-ਵਾਰ ਛਪਦੀਆਂ ਰਹੀਆਂ । ਸਾਡੇ ਸਮੇਤ ਅਨੇਕ ਪਾਠਕ "ਵਰਿਆਮ" ਵਿਚ ਸੱਭ ਤੋਂ ਪਹਿਲਾਂ "ਪੈੜਾਂ" ਹੀ ਪੜ੍ਹਦੇ ਸਨ । ਪੁਰਾਣੇ ਸਮੇਂ ਵਿਚ ਸਾਧਾਰਨ ਪਾਠਕ ਗੁਰੂਆਂ, ਭਗਤਾਂ, ਸੰਤਾਂ ਅਤੇ ਰਾਜਿਆਂ ਨੂੰ "ਵਿਚਿਤਰ ਤੇ ਰਹੱਸ ਭਰੇ ਵਿਅਕਤੀ" ਸਮਝਦਾ ਸੀ । ਉਸਦਾ ਵਿਸ਼ਵਾਸ਼ ਹੁੰਦਾ ਸੀ, ਆਮ ਮਨੁੱਖ ਇਨ੍ਹਾਂ ਦਾ ਭੇਦ ਨਹੀ ਪਾ ਸਕਦਾ । ਪਰ ਅੱਜ ਯਥਾਰਥਵਾਦ ਦਾ ਯੁੱਗ ਹੈ । ਮਨੁੱਖ ਵੱਡੇ ਤੋ ਵੱਡੇ ਮਹਾਂ-ਪੁਰਖ ਦਾ "ਭੇਤ" ਪਾਉਣਾ ਚਾਹੁੰਦਾ ਹੈ । ਉਹ ਜਾਨਣਾ ਚਾਹੁੰਦਾ ਹੈ ਕਿ ਜੇ ਉਹ ਸੱਚ-ਮੁੱਚ ਵੱਡਾ ਹੈ ਤਾਂ ਕਿਉ ਅਤੇ ਕਿਵੇਂ ਵੱਡਾ ਹੈ ? ਇਸਦਾ ਉੱਤਰ ਇਹ ਪੁਸਤਕ ਦਿੰਦੀ ਹੈ । ਇਸ ਪੁਸਤਕ ਦੀ ਸਭ ਤੋਂ ਵੱਡੀ ਵਡਿਆਈ ਇਹ ਹੈ ਕਿ ਗੁਰੂ ਤੇ ਸਿੱਖ ਦੇ ਆਪਸੀ ਰਿਸ਼ਤੇ ਨੂੰ ਮਨੁੱਖੀ-ਪਧੱਰ ਉੱਤੇ ਲਿਆ ਕੇ ਬਿਆਨ ਕਰਦੀ ਹੈ । ਗੁਰੂ ਵੀ ਮਨੁੱਖ ਹੈ; ਸਿਖ ਵੀ ਮਨੁੱਖ ਹਨ; ਪਰ ਗੁਰੂ ਅਨੇਕਾਂ ਵਡਿਆਈਆਂ ਦਾ ਮਾਲਕ ਹੈ, ਜਿਸਦੇ ਕਾਰਨ ਉਹ ਸਿੱਖਾਂ ਲਈ ਮਿਕਨਾਤੀਸ ਹੈ ਇਸ ਦੀ ਇਕ ਵਧੀਆ ਮਿਸਾਲ ਸਫਾ ੨੦੨-੨੦੩-੨੦੪ ਉਤੇ ਮਿਲਦੀ ਹੈ :—

"ਅਮਰੋਹੇ ਵਿਚ ਜਿਸ ਘਰ ਘਰ ਡੇਰਾ ਸੀ, ਉਸਦੀ ਗ੍ਰਹਿ-ਸਵਾਮਨ ਭੁਬੀਂ ਰੋ ਪਈ । ਏਨੀ ਦੇਰ ਪਿਛੋ ਦਰਸ਼ਨ ਅਤੇ ਏਨਾ ਘਟ ਸਮਾਂ । ਪਰ ਨਿਮੋਹੀ ਸਤਿਗੁਰੂ ਛੇਤੀ ਛੇਤੀ ਤੁਰ ਪਏ.........ਗੜ੍ਹ ਮੁਕਤੇਸ਼ਵਰ, ਜਾ ਕੇ ਜਾਣਕਾਰੀ ਹਾਸਲ ਕੀਤੀ, ਜੜ੍ਹਾਂਵਾਲੀਆ ਗੁਰਮੁਖ ਸਿੰਘ ਕਿੱਥੇ ਹੈ ? ਫਾਰਮ ਦਾ ਨਾਂ, ਥਾਂ, ਸਿੰਮਤ ਤੇ ਫਾਸਲਾ ਪੁੱਛ ਨਵੀ-ਨਕੋਰ ਗੱਡੀ ਨੂੰ ਤੋਰਨ ਦਾ ਹੁਕਮ ਦਿਤਾ । ਤਿੰਨ ਕਿਲੋਮੀਟਰ ਪੱਕੀ, ਦੋ ਕਿਲੋਮੀਟਰ ਰੋੜੀ ਵਿਛੀ ਸੜਕ ਅਤੇ ਇਕ ਡੇਢ-ਕਿਲੋ ਚਿਕੜ ਭਰੇ ਰਾਹਾਂ ਵਿਚਦੀ ਲੰਘਾਂਦਿਆਂ ਹਰੇਕ ਪਾਸੋਂ ਗੁਰਮੁਖ ਸਿੰਘ ਦਾ ਫਾਰਮ ਪੁੱਛਦੇ ਗੱਡੀ ਤੋਰੀ ਗਏ...... "ਦਿਲੀ ਫਾਰਮ" ਤੋਂ ਨੰਗੇ ਪੈਂਰੀ ਨਸਦਾ ਗੁਰਮੁਖ ਸਿੰਘ ਵੀ ਆਣ ਪਹੁੰਚਾ । ਸਿਖ ਦੇ ਨੇਤਰ ਫਰਨ ਫਰਨ ਵਗਣ ਲੱਗ ਪਏ......ਬਹੁਤ ਕਿਰਪਾ ਕੀਤੀ ਜੇ, ਮੇਰੇ ਵਾਸਤੇ ਕਿੰਨਾ ਕਸ਼ਟ ਜਰਿਆ ਜੇ । ਬਖਸ਼ ਲਓ । ਫਾਰਮ ਪਹੁੰਚ ਕੇ ਸਿੱਖਾਂ ਨੇ ਦੇਖਿਆ, ਰਹਿਣ ਲਈ ਦੋ ਕਮਰੇ ਛੋਟੇ-ਛੋਟੇ ਸਿਰ ਲਕਾਈ ਲਈ ਅਤੇ ਦੋ ਢਾਰੇ ਪਸ਼ੂਆਂ ਲਈ......ਮਾਤਾ ਜੀ ਨੇ ਸਤਿਗੁਰੂ ਜੀ ਨਾਲ ਸਿੱਖ ਦੀ ਹਾਲਤ ਬਾਰੇ ਚਰਚਾ ਕੀਤੀ । ਸਤਿਗੁਰਾ ਬਚਨ ਕੀਤਾ, ਮੈਂ ਤਾਂ ਚਾਹੁੰਦਾ ਹਾਂ ਅਜਿਹੇ ਸਿੱਖ ਨੂੰ ਪਲਿਉ ਦੋ ਢਾਈ ਲੱਖ ਰੁਪਿਆ ਖਰਚ ਕੇ (ਚੰਗੇਰੇ ਇਲਾਕੇ ਵਿਚ) ਜਮੀਨ ਲੈ ਦਿੱਤੀ ਜਾਵੇ" ।



Sri Satguru Jagjit Singh Ji eLibrary NamdhariElibrary@gmail.com

ਭੈਣੀ ਸਾਹਿਬ ਵਿੱਚ ਸੰਗਤ ਲਈ ਹਰ ਰੋਜ਼ ਲੰਗਰ ਪਕਾਉਂਦੇ ਸਿੰਘਾਂ ਦਾ ਇਕ ਸਾਥੀ ਸੰਤੋਖ ਸਿੰਘ ਦਸਦਾ ਹੈ।

"ਜਦੋਂ ਇਸ ਤਰ੍ਹਾਂ ਕਰਦਿਆਂ ਦੋ ਸਾਲ ਲੰਘ ਗਏ ਤਾਂ ਅਸਾਂ ਸੋਚਿਆ, ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸੋਂ ਖੁਸ਼ੀਆਂ ਅਤੇ ਛੁੱਟੀਆਂ ਲਈਏ......ਸਤਿਗੁਰੂ ਪ੍ਰਤਾਪ ਸਿੰਘ ਜੀ ਇਕ ਦਿਨ ਲੰਗਰ ਵਿਚ ਆਏ। ਉੱਚੀ ਉੱਚੀ ਕਹਿਣ ਲੱਗੇ : ਲੁੱਟ ਲਉ, ਲੁੱਟ ਲਉ, ਲੁੱਟ ਲਉ। ਇਹ ਫੇਰ ਨਹੀਂ ਲੱਭਣੀ। ਤੁਹਾਡਾ ਭਜਨ ਬੰਦਗੀ ਤਾਂ ਆਪਣੇ ਆਪ ਹੋਈ ਜਾਂਦਾ ਹੈ। ਸਾਰੀ ਰਾਤ ਭਜਨ ਕਰਕੇ, ਪੰਜਾਂ ਜਾਂ ਦਸ ਬਾਣੀਆ ਦਾ ਪਾਠ ਕਰਕੇ, ਜਦੋਂ ਕੋਈ ਲੰਗਰ ਵਿੱਚ ਆਉਂਦਾ ਤੇ ਪ੍ਰਸ਼ਾਦਾ ਮੰਗਦਾ ਹੈ, ਤਾਂ ਆਪਣੀ ਅੱਧੀ ਭਗਤੀ ਤੁਹਾਨੂੰ ਦੇ ਬਹਿੰਦਾ ਹੈ। ਤੁਸਾਂ ਹੋਰ ਕੀ ਕਰਨਾ ਹੈ? ਲੁੱਟ ਲਓ ਪਿਆਰਿਓ! ਬਸ ਸਾਨੂੰ ਹੋਰ ਅਰਜ਼ ਕਰਨ ਦੀ ਗੁੰਜਾਇਸ਼ ਨਾ ਮਿਲੀ। ਤਦ ਤੋਂ ਅਸੀਂ ਸਾਰੇ ਲੰਗਰ ਵਿਚ ਹਾਂ ਅਤੇ ਲੰਗਰ ਸਾਡੇ ਵਿਚ ਹੈ।" (ਸਫਾ ੨੩੮)

ਜ਼ਰਾ "ਗੁਰੂ" ਦੇ "ਮਨੁੱਖੀ ਚਰਿਤਰ" ਦੀਆਂ ਝਲਕੀਆਂ ਪੜ੍ਹੋ :—

"ਸ. ਸੁਰਜੀਤ ਸਿੰਘ ਵੜਾਣੀਆਂ ਨੇ ਅਵਤਾਰ ਸਿੰਘ ਝੱਬਰ ਨੂੰ ਕਿਹਾ—ਆਪਾਂ ਬਹੁਤ ਪਹਿਲਾਂ ਦੇ ਆਏ ਹੋਏ ਹਾਂ। ਕੁਝ ਨਾ ਕਰ ਸਕੇ, ਪਰ ਸਤਿਗੁਰੂ ਜੀ ਨੇ ਚਹੁੰ ਦਿਨਾਂ ਵਿੱਚ ਹੀ ਕਿੰਨੀ ਸਾਰੀ ਸੜਕ ਤਿਆਰ ਕਰਵਾ ਦਿੱਤੀ ਹੈ। ਸਤਿਗੁਰੂ ਜੀ ਨੇ ਵਿਨੋਦ ਨਾਲ ਕਿਹਾ : ਮੈਂ ਤਾਂ ਸੋਚਦਾ ਸਾਂ, ਸਾਰੀ ਸੜਕ ਬਣਵਾਕੇ ਤੁਹਾਥੋਂ ਵਡਿਆਈ ਸੁਣਾਗਾਂ, ਪਰ ਤੁਸੀ ਤਾਂ ਬੜੇ ਉਦਾਰ ਨਿਕਲੇ। ਅਧੂਰੇ ਕੰਮ ਦੀ ਪੂਰੀ ਪ੍ਰੰਸਸਾ ਕਰ ਦਿੱਤੀ"। (ਸਫਾ ੧੯੦)

ਵੱਡੇ ਪੁਰਖਾਂ ਵਿਚ "ਹਾਸ ਰਸ" ਦਾ ਗੁਣ ਹੁੰਦਾ ਹੈ। ਪੁਸਤਕ ਦਾ ਨਾਇਕ ਥਾਂ ਥਾਂ ਹਾਸਰਸ ਦੇ ਫੁਹਾਰੇ ਛੇੜਦਾ ਹੈ।

"ਮੇਰੇ ਪੁਛਣ ਤੇ ਸਤਿਗੁਰੂ ਜੀ ਹੱਸਕੇ ਕਹਿਣ ਲੱਗੇ-ਮਹਿੰਦਰ ਸਿੰਘ ਹੁਣ ਗਾਰਾ ਮਿਸ਼ਰਤ ਗਾਏਗਾ, ਅਰਥਾਤ ਸੀਮਿੰਟ, ਇੱਟਾਂ ਨਾਲ ਗਾਰਾ ਵੀ ਹੋਵੇਗਾ।" (ਸਫਾ ੨੩੯)

ਅੱਗੋਂ ਸੰਤ ਦਿਆਲ ਸਿੰਘ ਮੁਠਡੇ ਨੂੰ ਆਉਦਿਆਂ ਵੇਖ ਸਤਿਗੁਰੂ ਜੀ ਨੇ ਵਿਨੋਦ ਕੀਤਾ, ਸਾਡੀਆਂ ਬੰਗਲੌਰ ਵਾਲੀਆ ਮੱਝਾਂ ਦਿਆਲ ਸਿੰਘ ਵਾਂਗ ਬਹੁਤ ਰਾਜੀ (ਤਕੜੀਆਂ) ਹਨ। ਸਣੇ ਦਿਆਲ ਸਿੰਘ ਦੇ ਸਾਰੇ ਹੱਸ ਪਏ। (ਸਫਾ ੧੭੪)

"ਸਤਿਗੁਰੂ ਜੀ ਨੂੰ ਮੈਂ ਆਪ ਦੀ ਨਵੀਂ ਕਾਰ ਦਾ ਨਾਮ ਪੁੱਛ ਲਿਆ। ਆਪ ਨੇ ਮੁਖ ਨੂੰ ਬੁੱਕ ਲਾ ਲਿਆ। ਮੈਨੂੰ ਕਿਵੇਂ ਪਤਾ ਲੱਗਦਾ, ਇਸ ਦਾ ਕੀ ਭਾਵ ਹੈ? ਆਪ ਨੇ ਫਰਮਾਇਆ—ਪੀਜੋ ਪੀ ਜਾਉ।" (ਸਫਾ ੧੯੮)

ਨਾਮਧਾਰੀ ਸੰਪਰਦਾ ਵਿੱਚ, ਸੰਪਰਦਾ ਦੇ ਮੁਖੀਆਂ ਨੇ ਗੁਰਬਾਣੀ ਨੂੰ ਸ਼ੁਧ ਕਲਾਸੀਕਲ ਰਾਗਾਂ ਵਿਚ ਗਾਉਣ ਦੀ ਸਿੱਖਿਆ ਦਿਤੀ। ਆਪ ਵੀ ਨਾਮਧਾਰੀ ਮੁਖੀ ਸੰਗੀਤ-ਵਿਸ਼ੇਸ਼ਗ ਹਨ। ਰਾਗਾਂ ਵਿਚ ਗੁਰਬਾਣੀ-ਗਾਇਣ ਦੇ ਨਵੇਂ ਨਵੇਂ ਤਜਰਬੇ ਕਰਦੇ ਅਤੇ ਸ਼ਾਸ਼ਤਰੀ ਰਾਗਾਂ ਦੀਆਂ ਨਵੀਆਂ ਕਾਢਾਂ ਕੱਢਦੇ ਹਨ। ਨਾਮਧਾਰੀ ਬੱਚਿਆਂ ਨੂੰ ਭਾਰਤ ਦੇ ਸੱਭ ਤੋਂ ਵਡੇ ਕਲਾਸੀਕਲ ਸੰਗੀਤਕਾਰਾਂ ਪਾਸ, ਆਪਣੇ ਖਰਚ ਉੱਤੇ ਭੇਜਕੇ, ਸਿਖਿਆ ਦਿਲਵਾਉਂਦੇ ਹਨ। ਇਸੇ ਪ੍ਰਸੰਗ ਵਿੱਚ ਲੇਖਕ ਨੇ ਇਕ ਘਟਨਾ ਬਿਆਨ ਕੀਤੀ ਹੈ।

"ਸਤਿਗੁਰੂ ਜੀ ਨੇ ਦੱਸਿਆ, ਮੈਂ, ਖਾਂ ਸਾਹਿਬ ਵਲਾਇਤ ਖਾਂ ਅਤੇ ਪੰਡਿਤ ਬਿਰਜੂ ਮਹਾਰਾਜ ਵਿੱਚ ਇਹ ਉਦਾਰਤਾ ਵੇਖੀ ਹੈ, ਇਹ ਮੈਨੂੰ ਵੀ ਵੱਡਾ ਗੁਣੀ ਵਿਦਵਾਨ ਮਿਥ ਲੈਂਦੇ ਹਨ। ਮੈਨੂੰ ਇਹ ਸੁਣਕੇ ਸੰਗ ਆਉਂਦੀ ਹੈ। ਮੈਨੂੰ ਆਪਣੇ ਵਿਚ ਐਸਾ ਕੁਝ ਲਗਦਾ ਨਹੀ। (ਸਫਾ ੧੩੨)

ਪੁਰਾਣੇ ਪਾਂਡੇ ਅਤੇ ਭੱਟ ਵੱਖ-ਵੱਖ ਖਾਨਦਾਨਾਂ ਦੀਆਂ "ਵਹੀਆਂ" ਤਿਆਰ ਕਰਦੇ ਸਨ, ਜਿਨ੍ਹਾਂ ਵਿਚੋਂ ਹਰ ਖਾਨਦਾਨ ਦਾ ਪੂਰਾ ਸੰਖੇਪ ਇਤਿਹਾਸ ਮਿਲ ਜਾਂਦਾ ਸੀ। ਹੁਣ ਇਹ ਭੱਟ-ਵਹੀਆ ਲਿਖਣ ਦੀ ਪ੍ਰੰਪਰਾ ਬੰਦ ਹੋ ਗਈ ਹੈ। ਪਰ ਇਹ ਪੁਸਤਕ ਕਈ ਥਾਂ ਅਨੇਕ ਟੱਬਰਾਂ ਦਾ ਭੱਟ-ਵਹੀਆਂ ਵਾਂਗ ਵੇਰਵਾ ਲੱਭਣ ਤੇ ਸੰਭਾਲਣ ਦਾ ਯਤਨ ਵੀ ਹੈ। ਪੜ੍ਹੋ ਬਰੇਲੀ (ਯੂ.ਪੀ.) ਵਿਚ ਵਸਦੇ ਨਾਮਧਾਰੀ ਟੱਬਰਾਂ ਦਾ ਵੇਰਵਾ (ਸਫਾ ੧੯੨-੧੯੩)

ਸਿਖ ਪੰਥ ਦੀ ਭਾਰੀ ਬਹੁ-ਗਿਣਤੀ ਸਿਰਫ ਦਸ ਗੁਰੂ ਸਾਹਿਬਾਨ ਨੂੰ ਹੀ ਗੁਰੂ ਮੰਨਦੀ ਹੈ। ਅੱਗੋਂ ਗਿਆਰਵੇ ਬਾਰ੍ਹਵੇਂ ਤੇ ਤੇਰਵੇਂ ਗੁਰੂ ਦੀ ਪ੍ਰੰਪਰਾ ਨੂੰ ਪ੍ਰਵਾਨ ਨਹੀ ਕਰਦੀ। ਉਹ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਿਰਫ਼ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਪ੍ਰਵਾਨ ਕਰਦੀ ਹੈ। ਸੁਭਾਵਕ ਹੀ ਇਹ ਪੁਸਤਕ ਸਿੱਖ ਪੰਥ ਦੀ ਭਾਰੀ ਬਹੁ-ਗਿਣਤੀ ਦੇ ਉਪ੍ਰੋਕਤ ਵਿਸ਼ਵਾਸ਼ ਦੇ ਉਲਟ ਬਾਬਾ ਰਾਮ ਸਿੰਘ, ਬਾਬਾ ਹਰੀ ਸਿੰਘ, ਬਾਬਾ ਪ੍ਰਤਾਪ ਸਿੰਘ, ਬਾਬਾ ਜਗਜੀਤ ਸਿੰਘ ਨੂੰ ਹੀ "ਗੁਰੂ" ਦੀ ਪਦਵੀ ਦਿੰਦੀ ਹੈ। ਤਾਂ ਵੀ ਕਵੀ ਪ੍ਰੀਤਮ ਸਿੰਘ ਦੇ ਲਿਖਣ ਢੰਗ ਦਾ ਅਤੇ ਬਾਬਾ ਜਗਜੀਤ ਸਿੰਘ ਅਤੇ ਬਾਬਾ ਪ੍ਰਤਾਪ ਸਿੰਘ ਦੇ ਵਰਨਣ ਕੀਤੇ ਗਏ ਗੁਣਾਂ ਦਾ ਸੋਹਣਾ ਪ੍ਰਭਾਵ ਇਹ ਪੈਂਦਾ ਹੈ ਕਿ ਹਰ ਵਿਸ਼ਵਾਸ਼ ਵਾਲਾ ਪਾਠਕ ਇਸ ਪੁਸਤਕ ਨੂੰ ਆਨੰਦ ਤੇ ਸ਼ਰਧਾ ਨਾਲ ਪੜ੍ਹ ਸਕਦਾ ਹੈ। ਇਹ ਕਿਸੇ ਦੇ ਅਕੀਦੇ ਨੂੰ ਚੋਟ ਨਹੀ ਮਾਰਦੀ, ਸਗੋਂ ਇਹੋ ਜਿਹੀਆਂ ਪੁਸਤਕਾਂ ਹੋਰ ਲਿਖੇ ਜਾਣ ਦੀ ਪ੍ਰੇਰਨਾ ਦਿੰਦੀ ਹੈ।

੪੦੬, ਮੋਤਾ ਸਿੰਘ ਨਗਰ,
ਜਲੰਧਰ।



Sri Satguru Jagjit Singh Ji eLibrary NamdhariElibrary@gmail.com

ਪੁਸਤਕ ਰੀਵੀਊ

# ਹਉਕੇ ਦੀ ਭਟਕਨ

—ਕੁਲਦੀਪ ਬਡੇਸਰੋਂ

ਪੰਨੇ : ੬੪ ਮੁੱਲ : ੩੫ ਰੁਪਏ
ਪ੍ਰਕਾਸ਼ਕ : ਲਿਟਰੇਚਰ ਹਾਊਸ, ਪੁਤਲੀ ਘਰ, ਅੰਮ੍ਰਿਤਸਰ।

ਨਾਵਲੈਟ "ਦਾਇਰੇ" ਅਤੇ ਕਹਾਣੀ ਸੰਗ੍ਰਹਿ "ਇਕ ਖ਼ਤ ਪਾਪਾ ਦੇ ਨਾਂ" ਲਿਖਣ ਉਪਰੰਤ ਕੁਲਬੀਰ ਬਡੇਸਰੋਂ ਨੇ "ਹਉਕੇ ਦੀ ਭਟਕਣ" ਕਾਵਿ-ਸੰਗ੍ਰਹਿ ਰਾਹੀਂ ਆਪਣੀ ਸਿਰਜਣ ਪ੍ਰਕ੍ਰਿਆ ਦਾ ਇਕ ਨਵਾਂ ਆਯਾਮ ਪਾਠਕਾਂ ਸਾਹਵੇਂ ਪੇਸ਼ ਕੀਤਾ ਹੈ।

ਕੁਲਬੀਰ ਦੀ ਹਥਲੀ ਪੁਸਤਕ ਵਿਚ ਪ੍ਰਸਤੁਤ ਹੋਈਆਂ ਵਿਭਿੰਨ ਕਾਵਿ-ਵਿਧਾਵਾਂ ਇਸ ਗੱਲ ਦਾ ਪ੍ਰਮਾਣ ਹਨ ਕਿ ਰਚਨਾ ਦਾ ਵਿਸ਼ੇ-ਵਸਤ ਆਪਣਾ ਰੂਪ ਨਾਲ ਲੈ ਕੇ ਉਜਾਗਰ ਹੁੰਦਾ ਹੈ। ਪੰਦਰਾਂ ਨਜ਼ਮਾਂ, ਤਿੰਨ ਮਿੰਨੀ ਕਵਿਤਾਵਾਂ, ਉੱਨੀ ਗ਼ਜ਼ਲਾਂ, ਦੋ ਗੀਤ ਤੇ ਚਾਰ ਰੁਬਾਈਆਂ ਸੰਗ ਸੰਕਲਿਤ ਇਹ ਪੁਸਤਕ ਬੀਜੀ ਰਾਜ ਕੌਰ ਨੂੰ ਸਮਰਪਿਤ ਹੈ। ਭਾਸ਼ਾ ਵਿਭਾਗ ਪੰਜਾਬ ਨੇ ਇਸ ਦੀ ਪ੍ਰਕਾਸ਼ਨਾਂ ਲਈ ਸਹਿਯੋਗ ਵੀ ਦਿੱਤਾ ਹੈ।

ਪਹਿਲੀ ਨਜ਼ਮ 'ਹਉਕੇ ਦੀ ਭਟਕਣ' ਜਿਵੇਂ ਉਹਦੀ ਸਵੈ-ਜੀਵਨੀ ਦਾ ਮਹੱਤਵਪੂਰਣ ਅੰਗ ਹੈ। ਔਰਤ ਦੀ ਜ਼ਿੰਦਗੀ ਨੂੰ ਗੁਲਦਾਨ ਤੇ ਪਈ ਗਰਦ ਸਮਝਣ ਵਾਲੇ ਸਮਾਜ ਨੂੰ ਵੰਗਾਰਦੀ ਇਹ ਨਜ਼ਮ ਨਿੱਜ ਤੋਂ ਪਾਰ, ਉਨ੍ਹਾਂ ਅਨੇਕ ਔਰਤਾਂ ਦੇ ਦਰਦ ਨੂੰ ਜ਼ੁਬਾਨ ਦੇਂਦੀ ਹੈ, ਜੋ ਲਗਦੀ ਵਾਹ ਭਾਰਤੀ ਨਾਰੀ ਦੇ ਸੰਕਲਪ ਨੂੰ ਹੰਢਾਉਂਦਿਆ ਆਪਣੇ ਪਤੀ ਪਰਮੇਸ਼ਵਰ ਦੇ ਘਰ ਵਿਚ ਮਹਿਜ਼ ਉਸਦੀ ਖਵਾਹਿਸ਼ ਪੂਰਤੀ ਲਈ ਦਿਨੇ ਰੂਹ ਤੇ ਰਾਤ ਨੂੰ ਜਿਸਮ ਬਣ ਕੇ ਜੀਊਂਦੀਆਂ ਤੇ ਫਿਰ ਉਹਦੀ ਸਲਾਮਤੀ ਦੀ ਦੁਆ ਮੰਗਦੀਆਂ ਨੇ। ਖ਼ੁਦ ਸਰਾਪੀ ਹੋਈ ਦੁਆ ਜਦ ਵਧੇਰੇ ਚਿਰ ਖੈਰ ਮੰਗਣ ਤੇ ਸਮਰੱਥ ਨਹੀਂ ਰਹਿੰਦੀ ਤਾਂ ਉਸਦਾ ਅੰਤਿਮ ਨਿਰਣਾ ਘਰ ਦੇ ਮਲਬੇ ਹੇਠ ਦੱਬੇ ਜਾਣ ਨਾਲੋਂ ਹਉਕਾ ਬਣ ਕੇ ਉੱਡ ਜਾਣ ਵੱਲ ਰਜੂਅ ਕਰਦਾ ਹੈ। ਇਕ ਬੇੜੀ ਦੀ ਦਾਸਤਾਨ, ਰਿਸ਼ਤਾ, ਹਾਸਦਾ ਆਦਿ ਨਜ਼ਮਾਂ ਔਰਤ ਦੇ ਇਸ ਸਦੀਵੀਂ ਦਰਦ ਦਾ ਵਿਸਥਾਰ ਹਨ।

ਕੁਲਬੀਰ ਪੰਜਾਬ ਦੀ ਮੌਜੂਦਾ ਤ੍ਰਾਸਦੀ ਨੂੰ ਮਹਿਸੂਸ ਕਰਦੀ ਹੋਈ ਲਿਖਦੀ ਹੈ :

ਸਿਵੇ ਰੋਜ਼ ਗਰਮ ਹੁੰਦੇ ਹਨ, ਤੇ ਚੁੱਲੇ ਠੰਢੇ
ਚੀਕਾਂ ਬੁਲੰਦ ਹੁੰਦੀਆਂ ਹਨ, ਤੇ ਸਾਹ ਖਾਮੋਸ਼
ਭੀੜ ਵਿਚ ਕੁਲ ਸਾਜ਼ਿਸ਼ ਹੁੰਦੀ ਹੈ
ਪਰ ਇਕੱਲ ਵਾਲੀ ਥਾਂ ਤੋਂ ਭੈਅ ਵੀ ਆਉਂਦਾ ਹੈ

... ... ... ... ... ... ...

ਅਸੀ ਆਪਣੇ ਹੀ ਦੇਸ ਵਿਚ ਪਰਦੇਸੀ ਹੋ ਗਏ ਹਾਂ
ਸਾਡੇ ਘਰ ਕਿੱਥੇ ਹਨ ?

ਇਹ ਦਰਦ ਅੱਜ ਹਰੇਕ ਪੰਜਾਬੀ ਦੀ ਜ਼ੁਬਾਨ ਤੇ ਹੈ, ਚਾਹੇ ਉਹ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਬੈਠਾ ਹੈ। ਅਸੀ, ਸ਼ਾਇਦ ਇੰਝ ਹੋ ਜਾਵੇ, ਸਾਂਝ ਆਦਿ ਨਜ਼ਮਾਂ ਇਸੇ ਪੰਜਾਬ ਪੀੜ ਦੀ ਉਪਜ ਹਨ। ਪਿਆਰ, ਸੰਭਾਵਨਾ ਤੇ ਸਿਰਜਕ ਵਰਗੀਆ ਨਜ਼ਮਾਂ, ਇਨਕਲਾਬੀ ਫਲਸਫ਼ੇ ਦੇ ਬਾਹਰੀ ਪ੍ਰਭਾਵ ਅਧੀਨ ਰਚੀਆਂ ਹੋਣ ਕਾਰਣ ਅੰਦਰਲੇ ਨੂੰ ਟੁੰਬਣ ਦੇ ਸਮਰੱਥ ਨਹੀਂ ਹੋ ਸਕੀਆਂ। ਜਦ ਕਿ ਮਾਸੂਮ ਬੱਚੀ ਦੇ ਨਾਂ ਲਿਖੀ ਇਕੋ ਇਕ ਨਜ਼ਮ 'ਮੇਰੀ ਜਾਨ' ਮਮਤਾ ਦੇ ਪਲਾਂ ਦੀ ਦਸਤਾਵੇਜ਼ ਹੈ ਹਾਲਾਂ ਕਿ ਪੇਸ਼ਕਾਰੀ ਪੱਖੋਂ ਉਹ ਵੀ ਸਤਹੀ ਬਿਆਨੀਆਂ ਕਵਿਤਾ ਹੀ ਹੋ ਨਿਬੱੜੀ ਹੈ।

ਮਿੰਨੀ ਕਵਿਤਾਵਾਂ ਜਾਂ ਰੁਬਾਈਆਂ ਮਹਿਜ਼ ਭੇਰਤੀ ਮਾਤਰ ਹਨ ਪਰ ਗ਼ਜ਼ਲਾਂ ਵਿਚੋਂ ਪਹਿਲੀ ਇੱਕ ਅਤੇ ਅੰਤਲੀਆਂ ਪੰਜ ਗ਼ਜ਼ਲਾਂ ਵਿਚਲੀ ਪ੍ਰੋੜਤਾ ਇਸ ਆਸ਼ ਦੀ ਸੂਚਕ ਹੈ ਕਿ ਕੁਲਬੀਰ ਗ਼ਜ਼ਲ ਸਿਨਫ਼ ਰਾਹੀਂ ਆਪਣੀ ਗੱਲ ਦੀ ਗਹਿਰਾਈ ਨੂੰ ਡੂੰਘੇ ਅਰਥਾ ਤਕ ਲਿਜਾਣ ਦੇ ਕਾਬਿਲ ਹੈ। ਤੋਲ ਤੁਕਾਂਤ ਦੇ ਪੱਖੋਂ ਕਿਤੇ ਕਿਤੇ ਛੋਟੀ ਬਹਿਰ ਨੂੰ ਕੁਲਬੀਰ ਨੇ ਬਾਖ਼ੂਬੀ ਨਿਭਾਇਆ ਹੈ।

ਇਸ ਸੰਗ੍ਰਹਿ ਵਿਚਲੀਆਂ ਰਚਨਾਵਾਂ ਦੀ ਚੋਣ ਵੇਲੇ ਜੇ ਲੇਖਿਕਾ ਮੋਹ-ਬਿਰਤੀ ਤਿਆਗ ਕੇ ਸੰਕੋਚ ਤੋਂ ਕੰਮ ਲੈਂਦੀ ਤਾਂ ਪੁਸਤਕ ਭਾਵੇਂ ਰਤਾ ਪੱਛੜ ਕੇ ਛਪ ਜਾਂਦੀ ਪਰ ਵਧੇਰੇ ਨਿਗੱਰ ਤੇ ਸਾਰਥਕ ਹੁੰਦੀ :

— ਜਤਿੰਦਰਪਾਲ ਸਿੰਘ ਜੌਲੀ
ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ
ਜਲੰਧਰ-੧੪੪੦੦੨


Sri Satguru Jagjit Singh Ji eLibrary NamdhariElibrary@gmail.com

## ਖ਼ ਬ ਰ ਨਾ ਮਾ

## ਟੈਲੀਵੀਯਨ ਸਰਵਿਸ ਸੈਂਟਰ ਦੀ ਸਿਲਵਰ ਜੁਬਲੀ

ਸ. ਦੇਵਿੰਦਰ ਸਿੰਘ ਅਤੇ ਸ. ਰਮਨੀਕ ਸਿੰਘ ਵਲੋਂ ਅਪਣੇ ਦੋ ਕਾਰਜਾਂ ਦੇ ਸੰਬੰਧ ਵਿਚ ੨ ਜੂਨ ਨੂੰ ਦਿਲੀ ਲਾਗੇ ਇਕ ਭਾਰੀ ਸਮਾਗਮ ਕੀਤਾ ਗਿਆ। ਪਹਿਲਾ ਸ਼ੁਭ ਕਾਰਜ ਤਾਂ ਸੀ ਇਹਨਾਂ ਦੇ ਕਾਰੋਬਾਰੀ ਅਦਾਰੇ ਟੈਲੀਵੀਯਨ ਸਰਵਿਸ ਸੈਂਟਰ ਰਜਿ: ਦੀ ਸਿਲਵਰ ਜੁਬਲੀ ਭਾਵ ੨੫ ਸਾਲਾ ਜਸ਼ਨ ਅਤੇ ਦੂਸਰਾ ਸੀ ਫਾਰਮ ਹਾਊਸ ਦਾ ਆਰੰਭ। ਇਹ ਸਮਾਗਮ ਅਲੀਪੁਰ ਨਰੇਲਾ ਰੋਡ ਨਜ਼ਦੀਕ ਦਿਲੀ ਵਿਖੇ ਸਥਿਤ ਗੋਲਡ ਸਟਾਰ ਫਾਰਮਜ਼ ਵਿਚ ਕੀਤਾ ਗਿਆ। ੨ ਜੂਨ ਐਤਵਾਰ ਸਵੇਰੇ ਅਖੰਡ ਪਾਠ ਦਾ ਭੋਗ ਪਾਇਆ ਗਿਆ। ਉਸ ਉਪਰੰਤ ਰੋਹਤਕ ਵਾਲੇ ਸੰਤ ਸੋਨਾ ਰਾਮ ਜੀ ਨੇ ਦੋ ਘੰਟੇ ਕੀਰਤਨ ਅਤੇ ਕਥਾ ਕਰਕੇ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ। ਸਮਾਗਮ ਵਿਚ ਭਾਰੀ ਗਿਣਤੀ ਵਿਚ ਵਿਉਪਾਰੀ ਸਜਨ, ਉਘੀਆਂ ਸਮਾਜਕ ਹਸਤੀਆਂ, ਰਿਸ਼ਤੇਦਾਰ ਅਤੇ ਸਾਧ ਸੰਗਤ ਨੇ ਦਰਸ਼ਨ ਦਿਤੇ। ਟੈਲੀਵੀਯਨ ਸਰਵਿਸ ਸੈਂਟਰ ਅਤੇ ਇਸ ਦੇ ਜੁੜਵੇਂ ਅਦਾਰਿਆਂ ਇੰਡੀਅਨ ਇਲੈਕਟ੍ਰਾਨਿਕ ਕਾਰਪੋਰੇਸ਼ਨ, ਗੋਲਡ ਸਟਾਰ ਇੰਡਸਟ੍ਰੀਜ਼, ਇਲੈਕਟ੍ਰਾਨਿਕ ਕੰਪੋਨੈਂਟਸ ਇੰਡੀਆ ਅਤੇ ਸੀ. ਆਰ. ਟੀ. ਡੀਵਾਈਸਿਜ਼ ਪ੍ਰ: ਲਿਮਿਟੇਡ ਵਲੋਂ ਸਭ ਦਾ ਸੁਆਗਤ ਕੀਤਾ ਗਿਆ। ਸ. ਦੇਵਿੰਦਰ ਸਿੰਘ, ਸ. ਰਮਨੀਕ ਸਿੰਘ ਵਲੋਂ ਇਸ ਅਵਸਰ ਤੇ ੧੦੦ ਰੁਪਿਆ ਨੂੰ ਅਰਪਿਤ ਕੀਤੇ ਗਏ।

## ਸੰਤ ਸੌਦਾਗਰ ਸਿੰਘ ਨਮਿਤ ਭੋਗ

ਵਰਿਆਮ ਦੇ ਪਰਮ ਸਨੇਹੀ ਸੰਤ ਬਲਵੰਤ ਸਿੰਘ ਬਾਲੀ ਨਗਰ ਦਿਲੀ ਵਾਲਿਆਂ ਦੇ ਭਰਾਤਾ ਸੰਤ ਸੌਦਾਗਰ ਸਿੰਘ ਪਿਛਲੇ ਦਿਨੀਂ ਚੜਾਈ ਕਰ ਗਏ ਸਨ। ਉਨ੍ਹਾਂ ਦੀ ਜੀਵ-ਆਤਮਾ ਨਮਿਤ ਪਾਠ ਦਾ ਭੋਗ ਨਾਮਧਾਰੀ ਧਰਮਸਾਲਾ ਰਮੇਸ਼ ਨਗਰ ਵਿਚ ਮਿਤੀ ੩-੭-੯੧ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਪਿਆ। ਇਸ ਸਮੇਂ ਵਰਿਆਮ ਨੂੰ ੨੫੦/- ਭੇਜੇ ਗਏ ਹਨ।

## ਮਾਤਾ ਚੰਨਣ ਕੌਰ ਨਮਿਤ ਪਾਠ

ਵਰਿਆਮ ਦੇ ਪਰਮ ਸਹਿਯੋਗੀ ਜਥੇਦਾਰ ਸੇਵਾ ਸਿੰਘ ਮਲੇਹ ਵਾਲੇ ਰਮੇਸ਼ ਨਗਰ ਦਿਲੀ ਦੇ ਧਰਮ ਮਾਤਾ ਜੀ ਮਾਤਾ ਚੰਨਣ ਕੌਰ ਕਾਨਪੁਰ ਵਾਲਿਆਂ ਦੀ ਯਾਦ ਵਿਚ ਵਿਕ ਇਕ ਪਾਠ ਦਾ ਭੋਗ ਮਿਤੀ ੩ ਜੁਲਾਈ ੧੯੯੧ ਨੂੰ ਨਾਮਧਾਰੀ ਧਰਮਸਾਲਾ ਦਿਲੀ ਵਿਚ ਪਾਇਆ ਗਿਆ। ਇਕ ਪਾਠ ਦਾ ਭੋਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੇਹ ਅਰੋਗਤਾ ਵਾਸਤੇ ਪਾਇਆ ਗਿਆ। ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਦਰਸ਼ਨ ਦਿਤੇ। ਵਰਿਆਮ ਵਾਸਤੇ ਜਥੇਦਾਰ ਸੇਵਾ ਸਿੰਘ ਜੀ ਨੇ ੫੦/- ਰੁਪਏ ਸਹਿਯੋਗ ਭੇਜਿਆ ਹੈ।

## ਸ. ਅਮਰੀਕ ਸਿੰਘ ਗਵਾਲੀਅਰ ਦਾ ਦੇਹਾਂਤ

ਸ. ਅਮਰੀਕ ਸਿੰਘ ਸਪੁਤਰ ਸੰਤ ਮੁਕੰਦ ਸਿੰਘ ਜੀ ਸਚਦੇਵ ਮੁਰਾਰ (ਗਵਾਲੀਅਰ) ਨਿਵਾਸੀ ਮਿਤੀ ੭ ਮਈ ਨੂੰ ਆਪਣੀ ਸੰਸਾਰ ਯਾਤਰਾ ਜਵਾਨ ਆਯੂ ਵਿਚ ਪੂਰੀ ਕਰ ਗਏ ਹਨ। ਆਪ ਸੰਤ ਹਜ਼ੂਰ ਸਿੰਘ ਗੁਲਾਟੀ ਬੰਬਈ ਵਾਲਿਆਂ ਦੇ ਦਾਮਾਦ ਸਨ। ਪਿਛੇ ਛੋਟੇ ਬਚਿਆਂ ਦਾ ਪਰਿਵਾਰ ਹੈ। ਆਦਾਰਾ ਵਰਿਆਮ ਸਚਦੇਵਾ ਅਤੇ ਸੰਤ ਹਜ਼ੂਰ ਸਿੰਘ ਗੁਲਾਟੀ ਜੀ ਦੇ ਦੁਖ ਵਿਚ ਸ਼ਾਮਲ ਹੈ।

ਅਮਰੀਕ ਸਿੰਘ ਜੀ ਦੀ ਜੀਵ ਆਤਮਾ ਨਮਿਤ ਪਾਠ ਦਾ ਭੋਗ ੨੧ ਮਈ ਨੂੰ ਪਾਇਆ ਗਿਆ। ਧਾਰਮਕ ਤੇ ਸਮਾਜਕ ਕਾਰਜਾਂ ਹਿਤ ਮਾਇਆ ਕਢੀ ਗਈ। ਵਰਿਆਮ ਨੂੰ ੧੦੦ ਰੁਪਏ ਭੇਜੇ ਗਏ।

## ਸ਼ੁਭ ਅਨੰਦ ਕਾਰਜ

ਟੈਲੀਵੀਯਨ ਸੈਂਟਰ ਨਵੀਂ ਦਿਲੀ ਵਾਲੇ ਸ. ਰਮਨੀਕ ਸਿੰਘ ਜੀ ਦੀ ਸਪੁਤਰੀ ਬੀਬੀ ਅਮਰਦੀਪ ਕੌਰ ਦਾ ਸ਼ੁਭ ਅਨੰਦ ਕਾਰਜ ਰਾਜਬੀਰ ਸਿੰਘ ਸਪੁਤਰ ਸ. ਜੁਗਿੰਦਰ ਸਿੰਘ ਗੰਭੀਰ, ਟੋਰੈਂਟੋ ਕੈਨੇਡਾ ਨਿਵਾਸੀ ਨਾਲ ਨਾਮਧਾਰੀ ਧਰਮ-ਸਾਲਾ ਨਵੀਂ ਦਿਲੀ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਮਿਤੀ ੩ ਜੁਲਾਈ ੧੯੯੧ ਨੂੰ ਹੋਇਆ। ਇਸ ਸਮੇਂ ਭਾਰੀ ਗਿਣਤੀ ਵਿਚ ਸਾਧ ਸੰਗਤ ਮੌਜੂਦ ਸੀ।


Sri Satguru Jagjit Singh Ji eLibrary NamdhariElibrary@gmail.com

# ਵਰਿਆਮ ਦੇ ਜੀਵਨ ਮੈਂਬਰ

—ਸ. ਜਗਤਾਰ ਸਿੰਘ ਨਾਮਧਾਰੀ
ਭੱਟੀ ਇੰਡਸਟਰੀਜ਼, ਰਾਜਿੰਦਰ ਨਗਰ,
ਇੰਡਸਟਰੀਅਲ ਏਰੀਆ, ਡਾਕਖਾਨਾ ਮੋਹਨ ਨਗਰ,
ਗਾਜ਼ੀਆਬਾਦ ।

—ਸ. ਰਮਨੀਕ ਸਿੰਘ
A-੨੮, ਮਹੇਂਦਰੂ ਐਨਕਲੇਵ,
ਦਿਲੀ-91.

—ਸ. ਹਰਦੀਪ ਸਿੰਘ
੧੪੬-ਰਾਮ ਨਗਰ, ਲਖਨਊ ।

—ਸ. ਮਹਿੰਦਰ ਸਿੰਘ ਬੱਲ
ਪਿੰਡ-ਡਾਕ ਨਕੌੜਾ (ਸਰਸਾ)

—ਸੰਤ ਮਹਿੰਦਰ ਸਿੰਘ
੧੦੮-ਮਾਲ ਰੋਡ, ਦਿਲੀ-੯.

—ਸ. ਅਮਰੀਕ ਸਿੰਘ
੩੯, ਸ਼ੰਕਰ ਗਾਰਡਨ, ਜਲੰਧਰ ।

—ਸ. ਪਰਮਜੀਤ ਸਿੰਘ ਮਲਹਤਰਾ
ਸਪੁਤਰ ਡਾ. ਸੁਰਜੀਤ ਸਿੰਘ ਮਲਹੋਤਰਾ
ਰਾਮ ਨਗਰ ਮੰਡੀ (ਹਿਮਾਚਲ)

—ਬੀਰ ਕਲਾਥ ਹਾਉਸ
ਬਾਜਾਰ ਭੂਤ ਨਾਥ, ਮੰਡੀ (ਹਿਮਾਚਲ)

—ਸੇਠ ਭਜਨੀਕ ਸਿੰਘ
ਮੋਤੀ ਬਾਜ਼ਾਰ ਮੰਡੀ (ਹਿਮਾਚਲ)

—ਸ. ਕੁਲਦੀਪ ਸਿੰਘ ਇੰਦਰ ਸਿੰਘ
ਨੈਸ਼ਨਲ ਸਟਰੀਟ, ਮੰਡੀ ।

—ਸ. ਨਵਤੇਜ ਸਿੰਘ ਮਨਚੰਦਾ
ਮੋਤੀ ਬਾਜ਼ਾਰ, ਮੰਡੀ ।

—ਨਵੀਨ ਕਲਾਥ ਹਾਊਸ
ਬਾਜ਼ਾਰ ਭੂਤ ਨਾਥ, ਮੰਡੀ ।

—ਹਿਮਾਚਲ ਕਲਾਥ ਹਾਊਸ
ਬਾਜ਼ਾਰ ਭੂਤ ਨਾਥ, ਮੰਡੀ (ਹਿ.ਪ੍ਰ.)

—ਸ. ਸੁਖਵਿੰਦਰ ਸਿੰਘ
ਰਾਮ ਨਗਰ, ਮੰਡੀ ।

—ਸ. ਹਰਭਜਨ ਸਿੰਘ
ਰਾਮ ਨਗਰ, ਮੰਡੀ ।

—ਸ. ਰਤਨਜੀਤ ਸਿੰਘ
ਰਾਮ ਨਗਰ, ਮੰਡੀ ।

—ਸੰਤ ਜਸਵੰਤ ਸਿੰਘ ਸਰਾਫ਼
ਮੋਤੀ ਬਾਜ਼ਾਰ, ਮੰਡੀ ।

—ਮਨਚੰਦਾ ਕਲਾਥ ਹਾਊਸ
ਗਾਂਧੀ ਚੌਕ, ਮੰਡੀ ।

—ਸ. ਮੋਹਨ ਸਿੰਘ
ਜਵਾਹਰ ਨਗਰ, ਮੰਡੀ ।

—ਸ: ਬਲਬੀਰ ਸਿੰਘ ਗੁਲਾਟੀ
ਸੁੰਦਰ ਨਗਰ (ਹਿਮਾਚਲ)

—ਸ. ਗੁਰਬਖਸ਼ ਸਿੰਘ
ਜਗਦੀਸ਼ ਲੇਡੀਜ਼ ਟੇਲਰਜ਼ ਮੰਡੀ ।
ਭੋਜਪੁਰ ਸੁੰਦਰ ਨਗਰ (ਹਿਮਾਚਲ)

—ਵੀਨਸ ਟਰੇਡਰਜ਼
ਭੋਜਪੁਰ ਬਾਜ਼ਾਰ ਸੁੰਦਰ ਨਗਰ (ਹਿਮਾਚਲ)

—ਸ. ਰਾਜਿੰਦਰ ਸਿੰਘ ਨਾਮਧਾਰੀ
ਰਾਮ ਨਗਰ, ਮੰਡੀ ।

—ਸ. ਸੁਰਜੀਤ ਸਿੰਘ
ਹੈਸਬੀ ਐਂਡ ਕੋ.
ਚੰਡੀਗੜ੍ਹ ।

—ਐਚ. ਐਸ. ਇੰਜੀਨਅਰਜ਼ ਐਂਡ ਕੰਟਰੈਕਟਰਜ਼
ਰਾਮ ਨਗਰ, ਮੰਡੀ ।

—ਸ. ਦਰਸ਼ਨ ਸਿੰਘ
ਜਯੋਤੀ ਟਾਇਰ ਵਰਕਸ ਮੰਡੀ

---

## ਬੇਨਤੀ

ਅਸੀਂ ਵਰਿਆਮ ਦੇ ਬਕਾਇਆ ਚੰਦਿਆਂ ਵਾਸਤੇ ਇਕੱਲੇ ਇਕੱਲੇ ਮੈਂਬਰ ਨੂੰ ਪੱਤਰ ਲਿਖ ਰਹੇ ਹਾਂ । ਕਈਆਂ ਸੱਜਨਾਂ ਦਾ ਤਾਂ ਬਹੁਤ ਸਾਲਾਂ ਦਾ ਬਕਾਇਆ ਰਹਿੰਦਾ ਹੈ । ਕਿਰਪਾ ਕਰਕੇ ਆਪਣੇ ਬਕਾਇਆ ਚੰਦੇ ਜਲਦੀ ਇਸ ਪਤੇ ਤੇ ਭੇਜੋ ।

ਮਾਸਕ ਵਰਿਆਮ, ਲਾਡੋਵਾਲੀ ਰੋਡ, ਜਲੰਧਰ
Monthly Wariam Ladowali Road,
Jalandhar

ਜੇ ਅਗੋਂ ਪਰਚਾ ਨਾ ਵੀ ਚਾਲੂ ਰਖਣਾ ਹੋਵੇ ਤਾਂ ਪਿਛਲਾ ਬਕਾਇਆ ਭੇਜਣਾ ਫਰਜ਼ ਬਣਦਾ ਹੈ ।

ਉਂਜ ਚੰਦੇ ਦੀ ਰਕਮ ਜਾਂ ਕੋਈ ਉਤਰ ਨਾ ਆਉਣ ਤੇ ਪਰਚਾ ਬੰਦ ਕਰਨ ਵਾਸਤੇ ਅਸੀਂ ਮਜਬੂਰ ਹੋਵਾਂਗੇ ।

—ਮੈਨੇਜਰ 'ਵਰਿਆਮ'



Sri Satguru Jagjit Singh Ji eLibrary NamdhariElibrary@gmail.com

# GOLD STAR

HOME ELECTRICAL APPLIANCES



SUPERB TECHNOLOGY
STAR PERFORMANCE

Sole Distributors :

TELEVISION SERVICE CENTRE (REGD.)

23, Beadonpura, Karol Bagh, NEW DELHI-110005

Phones : Service Centre : 5712477
Show Room : 5727552
Gold Star : 7227095

Telex : 31-79088 IEC IN
Grams : HOUSE QUEEN



ALWAYS INSIST UPON MEX




SWITCHGEARS &
MOTOR STARTERS
FOR PERFECT AND
TROUBLE-FREE
PERFORMANCE




MEX SWITCHGEARS PVT. LTD
REGD OFFICE 9TH KILOMETER PATHANKOT ROAD, JALANDHAR.
PHONES. 72116, 76572 72118




Sri Satguru Jagjit Singh Ji eLibrary NamdhariElibrary@gmail.com

੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ


# RAJPAL

## The Leading Name in Construction Machinery



CONCRETE MIXER 10/7 CFT

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers



CONCETE MIXER 7/5

Phones Office : 529033
Factory : 501973
Resi. : 536093

# BALWANT SINGH & SONS

Office: 4E/1/ JHANDEWALA EXTN. NEW DELHI-110055

Factory : A 2/3, MAYA PURI PHASE II Opp. C-70 NEW DELHI-110064


Sri Satguru Jagjit Singh Ji eLibrary NamdhariElibrary@gmail.com

Registered No. PB/JL—253 MONTHLY WARIAM JULY 1991
Ladowali Rd, Jalandhar-144001.
Registered with the Registrar of News Papers for India No. 26453/75

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ




# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS
FOR ALL KINDS, IN ATTRACTIVE AND GUARANTEED FAST COLOURS
WOODEN & STEEL FURNITURE
& PADESTALFAN ETC.**

Phones : Office : 2528411
" : 2510345
Resi. : 6845441

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਜੀਤ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ

Sri Satguru Jagjit Singh Ji eLibrary NamdhariElibrary@gmail.com